**The following Replies to the Questionnaire have been submitted to the Fifth Punjab Pay Commission.**

| ਲੜੀ ਨੰ: | | ਪ੍ਰਸ਼ਨ ਨੰ: | ਉੱਤਰ<br>(ਹਾਂ ਜਾਂ ਨਾਂ)<br>(ਸੁਝਾਅ ਸ਼ਬਦਾਂ ਵਿੱਚ) |
|---|---|---|---|
| 1 | <u>ਜਨਤਕ/ਨਿੱਜੀ ਸੈਕਟਰਾਂ ਨਾਲ ਤੁਲਨਾ</u> | | |
| | | (1) ਕੀ ਤੁਹਾਡੇ ਵਿਚਾਰ ਵਿੱਚ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਤਨਖਾਹ ਸਕੇਲ ਅਤੇ ਹੋਰ ਸਹੂਲਤਾਂ ਸਮਾਨ ਹੋਣੀਆਂ ਚਾਹੀਦੀਆਂ ਹਨ? | ਨਹੀਂ ਜੀ |
| | | (2) ਕੀ ਤੁਹਾਡੇ ਵਿਚਾਰ ਵਿੱਚ ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਜਨਤਕ/ ਨਿੱਜੀ ਸੈਕਟਰ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਹੋਰ ਸਹੂਲਤਾਂ ਇਕ ਸਮਾਨ ਹੋਣੀਆਂ ਚਾਹੀਦੀਆਂ ਹਨ? | ਨਹੀ ਜੀ |
| | | (3) ਕੀ ਤੁਸੀਂ ਇਕ ਸਰਕਾਰੀ ਕਰਮਚਾਰੀ ਨੂੰ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਦੀ ਕੀਮਤ ਦੱਸ ਸਕਦੇ ਹੋ? ਤਾਂ ਹੇਠ ਲਿਖੀਆਂ ਸਹੂਲਤਾਂ ਦੀ ਕੀਮਤ ਤਨਖਾਹ ਦਾ ਕਿੰਨ੍ਹੇ ਪ੍ਰਤੀਸ਼ਤ ਲਗਾਇਆ ਜਾਵੇ:- | |
| | | (1) ਬਿਨਾਂ ਕਿਰਾਇਆ ਮਕਾਨ ਸਹੂਲਤ;<br>(2) ਗੱਡੀ ਦੀ ਸਹੂਲਤ;<br>(3) ਟੈਲੀਫੂਨ ਦੀ ਸਹੂਲਤ;<br>(4) ਰਿਆਇਤੀ ਬੱਸ ਸਹੂਲਤ;<br>(5) ਮੈਡੀਕਲ ਦੀ ਸਹੂਲਤ; | ਤਨਖਾਹ ਦਾ 10%<br>ਨਹੀ ਮਿਲਦੀ<br>ਨਹੀ ਮਿਲਦੀ<br>ਨਹੀ ਮਿਲਦੀ<br>1000 ਰੁਪਏ ਮਾਸਿਕ ਬੱਧਾ ਭੱਤਾ, ਡਾਕਟਰੀ ਇਲਾਜ ਅਤੇ ਟੈਸਟਾਂ ਦੀ ਪ੍ਰਤੀ ਪੂਰਤੀ । |
| | | (4) ਕੀ ਸਰਕਾਰੀ ਕਰਮਚਾਰੀ ਨੂੰ ਤਨਖਾਹ ਉਹਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਕੀਮਤ ਮਿਲਾ ਕੇ ਦੱਸੀ ਜਾਣੀ ਚਾਹੀਦੀ ਹੈ ਜਦੋਂ ਕਿ ਗੈਰ ਸਰਕਾਰੀ ਸੰਸਥਾਵਾਂ ਆਮ ਕਰਮਚਾਰੀਆਂ ਨੂੰ ਵੱਧ ਤਨਖਾਹ ਦਿੰਦੀਆਂ ਹਨ ਅਤੇ ਉਨ੍ਹਾਂ ਦੀ ਤਨਖਾਹ ਵਿੱਚ ਸਰਕਾਰੀ ਕਰਮਚਾਰੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਦੀ ਕੀਮਤ ਵੀ ਸ਼ਾਮਲ ਹੁੰਦੀ ਹੈ। ਜੇਕਰ ਅਜਿਹਾ ਹੈ ਤਾਂ ਦੋਨਾਂ ਦੀ ਤਨਖਾਹ ਬਰਾਬਰ ਹੋਣ ਦੇ ਕਾਰਣ 50 ਸ਼ਬਦਾਂ ਵਿੱਚ ਦੱਸੋ। | ਅਜਿਹਾ ਨਹੀਂ |
| | | (5) ਵੱਖ ਵੱਖ ਸੰਸਥਾਵਾਂ ਵਲੋਂ ਤਨਖਾਹ ਦੇ ਅੰਤਰ ਨੂੰ ਘੱਟ ਕਰਨ ਦੇ ਸੁਝਾਅ 50 ਸ਼ਬਦਾਂ ਵਿੱਚ ਦਿਉ। | ਘੱਟ ਤੋਂ ਘੱਟ ਤਨਖਾਹ 15ਵੀਂ ਭਾਰਤੀ ਲੇਬਰ ਕਾਨਫਰੰਸ ਦੇ ਫੈਸਲਿਆਂ ਅਤੇ ਸੁਪਰੀਮ ਕੋਰਟ ਦੇ ਰੈਪਟਾਕੋ-ਬਰੈਟ ਕੰਪਨੀ ਸਬੰਧੀ 1991 ਦੇ ਫੈਸਲੇ, 3.81 ਗੁਣਨਖੰਡ ਅਧਾਰਤ ਸੋਧੇ ਤਨਖਾਹ ਸਕੇਲ ਲਾਗੂ |

| | | | |
|---|---|---|---|
| | | | ਕਰਕੇ ਅੰਤਰ ਘੱਟ ਸਕਦਾ ਹੈ। |
| | | (6) ਸਰਕਾਰ ਦੇ ਕਰਮਚਾਰੀਆਂ ਨੂੰ ਸਰਵਿਸ ਦੌਰਾਨ ਮਿਲਣ ਵਾਲੇ ਲਾਭ, ਜਿਵੇਂ ਕਿ ਨੌਕਰੀ ਦੀ ਸੁਰੱਖਿਆ, ਤਰੱਕੀ ਦੇ ਮੌਕੇ, ਸੇਵਾ ਨਵਿਰਤੀ ਲਾਭ, ਮਕਾਨ ਦੀ ਸਹੂਲਤ ਅਤੇ ਹੋਰ ਅਣਦਿਖ ਲਾਭ ਜਿਵੇਂ ਕਿ ਛੁੱਟੀਆਂ ਦੀ ਸਹੂਲਤ, ਮੁਫਤ ਮਕਾਨ ਕਿਰਾਇਆ ਤੇ ਬਿਜਲੀ ਆਦਿ ਜੋ ਮਿਲਦੇ ਹਨ ਤਨਖਾਹ ਵਿੱਚ ਜੋੜ ਕੇ ਨਿੱਜੀ ਅਤੇ ਪ੍ਰਾਈਵੇਟ ਕਰਮਚਾਰੀਆਂ ਨਾਲੋਂ ਕਿਤੇ ਵੱਧ ਹੁੰਦੇ ਹਨ। ਇਸ ਬਾਰੇ ਆਪਣੇ ਵਿਚਾਰ 5● ਸ਼ਬਦਾਂ ਵਿੱਚ ਦਿਉ। | ਮਿਲਣਯੋਗ ਸਹੂਲਤਾ ਸੰਵਿਧਾਨਕ ਲੋੜਾਂ ਅਨੁਸਾਰ ਮਿਲਦੀਆਂ ਹਨ । |
| | | (7) ਸਰਕਾਰੀ ਕਰਮਚਾਰੀਆਂ ਨੂੰ ਤਨਖਾਹ ਤੋਂ ਇਲਾਵਾ ਮਿਲਣ ਵਾਲੇ ਲਾਭ ਅਤੇ ਪ੍ਰਾਈਵੇਟ ਅਦਾਰਿਆਂ ਵਲੋਂ ਇਨ੍ਹਾਂ ਲਾਭਾਂ ਨੂੰ ਛੱਡ ਕੇ ਦਿੱਤੀ ਵੱਧ ਤਨਖਾਹ ਦੀ ਨਿਰਪੱਖ ਤੁਲਣਾ 5● ਸ਼ਬਦਾਂ ਵਿੱਚ ਕਰੋ। | ਤੁਲਨਾ ਸੰਭਵ ਨਹੀ। ਪ੍ਰਾਈਵੇਟ ਖੇਤਰ ਦਾ ਮੰਤਵ ਮੁਨਾਫਾ ਕਮਾਉਣਾ ਅਤੇ ਸਰਕਾਰੀ ਵਿਭਾਗ ਦਾ ਸੇਵਾ ਪ੍ਰਦਾਨ ਕਰਨਾ ਹੈ। |
| | | (8) ਸਰਕਾਰੀ ਮੁਲਾਜ਼ਮਾਂ ਦੇ ਮੁਕਾਬਲੇ ਪੇਂਡੂ ਲੋਕਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਸਮਾਜਿਕ ਨਿਆਂ ਅਤੇ ਬਰਾਬਰੀ ਨੂੰ ਯਕੀਨੀ ਬਣਾਉਣ ਲਈ ਸਰਕਾਰ ਨੂੰ ਆਪਣੇ ਸਾਧਨਾਂ ਵਿਚੋਂ ਕਿੰਨੇ ਪ੍ਰਤੀਸ਼ਤ ਖਰਚ ਪੇਂਡੂ ਲੋਕਾਂ ਤੇ ਕਰਨਾ ਚਾਹੀਦਾ ਹੈ। | 3●-5●% |
| 2 | <u>ਕੌਮਾਤਰੀ ਤੁਲਨਾ</u> | | |
| | | (1) ਸਰਕਾਰੀ ਕਰਮਚਾਰੀਆਂ ਦੇ ਤਨਖਾਹ ਸਕੇਲ ਕਿਸ ਹੱਦ ਤੱਕ ਵਧਾ ਦਿੱਤੇ ਜਾਣ ਤਾਂ ਜੋ ਉਹ ਵੀ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਵਾਂਗ ਇਮਾਨਦਾਰੀ ਤੇ ਤਨਦੇਹੀ ਨਾਲ ਕੰਮ ਕਰਨ ਲਈ ਤਿਆਰ ਹੋ ਜਾਣ? | ਤੁਲਨਾ ਕਰਨਾ ਗੈਰ ਵਿਗਿਆਨਕ ਹੈ |
| | | (2) ਕੀ ਸਿਵਲ ਸਰਵਿਸ ਕਰਮਚਾਰੀਆਂ ਦੇ ਤਨਖਾਹ ਸਕੇਲ ਪ੍ਰਾਈਵੇਟ ਅਦਾਰਿਆਂ ਦੇ ਬਰਾਬਰ ਕਰਨ ਨਾਲ ਨੌਕਰਸ਼ਾਹੀ ਇਮਾਨਦਾਰੀ ਅਤੇ ਤਨਦੇਹੀ ਨਾਲ ਕੰਮ ਕਰਨ ਲਗ ਜਾਵੇਗੀ? | ਨਹੀ ਜੀ |
| | | (3) ਕੀ ਪੰਜਾਬ ਸਰਕਾਰ ਵੀ ਆਪਣੇ ਸਟਾਫ ਕੋਲੋਂ ਜਿਨ੍ਹਾਂ ਨੂੰ ਪ੍ਰਾਈਵੇਟ ਅਦਾਰਿਆਂ ਮੁਤਾਬਕ ਵੱਧ ਤਨਖਾਹ ਦੇਵੇਗੀ ਤਾਂ ਉਨ੍ਹਾਂ ਤੋਂ ਵੱਧ ਉਤਪਾਦਿਕਤਾ ਲੈ ਪਾਏਗੀ? ਜੇਕਰ ਹਾਂ ਤਾਂ ਕਿੰਨਾ ਸਟਾਫ ਇਸ ਤਰ੍ਹਾਂ ਕਰ ਸਕੇਗਾ। ਜੇਕਰ ਨਹੀਂ ਤਾਂ ਵੱਧ ਤਨਖਾਹ ਦਾ ਮੰਤਵ ਕੀ ਹੋਵੇਗਾ, ਬਾਰੇ 5● ਸ਼ਬਦਾਂ ਵਿੱਚ ਬਿਆਨ ਕੀਤਾ ਜਾਵੇ। | ਕੌਮਾਂਤਰੀ ਵਿੱਤੀ ਮੰਦੇ ਕਾਰਨ ਪ੍ਰਾਈਵੇਟ ਖੇਤਰ ’ਚ ਤਨਖਾਹ ਕਟੌਤੀਆਂ, ਛਾਂਟੀ ਹੋਣ ਲੱਗੀ ਹੈ । ਪ੍ਰਸ਼ਨ ਨਿਰਅਧਾਰਤ ਹੈ। |
| 3 | <u>ਹੋਰ ਸੰਗਠਨਾਂ ਉਤੇ ਅਸਰ</u> | | |
| | | (1) ਕੀ ਮਿਊਂਸਪਲ ਅਦਾਰਿਆਂ, ਪੰਚਾਇਤੀ ਰਾਜ ਸੰਗਠਨਾਂ ਅਤੇ ਹੋਰ ਅਰਧ ਸਰਕਾਰੀ ਅਦਾਰਿਆਂ ਦੇ ਕਰਮਚਾਰੀ ਦੇ ਤਨਖਾਹ ਸਕੇਲ ਵੀ ਪੰਜਵੇਂ ਪੰਜਾਬ ਤਨਖਾਹ ਕਮਿਸ਼ਨ ਵਲੋਂ ਸਿਫਾਰਸ਼ਾਂ ਤੇ ਹੀ ਆਧਾਰਿਤ ਹੋਣ ਚਾਹੀਦੇ ਹਨ ? | ਹਾਂ-ਜੀ |
| | | (2) ਕੀ ਇਹ ਵੀ ਸੱਚ ਹੈ ਕਿ ਸਬ ਪੈਰਾ 1 ਵਿੱਚ ਵਰਨਣ ਸੰਗਠਨਾਂ ਨੂੰ ਰਾਜ ਸਰਕਾਰ ਦੇ ਕਰਮਚਾਰੀਆਂ ਦੇ ਬਰਾਬਰ ਤਨਖਾਹ | ਪ੍ਰਚਲਤ ਗਰਾਂਟ ਵਿਧੀ ਕਾਰਨ ਸੰਭਵ ਹੈ। |

| | | | |
|---|---|---|---|
| | | ਸਕੇਲ ਦੇਣ ਦੀ ਸਮਰੱਥਾ ਸਬੰਧਤ ਅਦਾਰਿਆਂ ਕੋਲ ਨਹੀਂ ਹੁੰਦੀ ? | |
| | | (3) ਕੀ ਰਾਜ ਸਰਕਾਰ ਦੇ ਮੁਲਾਜਮਾਂ ਲਈ ਤਨਖਾਹ ਸਕੇਲ ਤਿਆਰ ਕਰਨ ਵਿੱਚ ਸਬ ਪੈਰ੍ਹਾ (1) ਅਤੇ (2) ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ ? | ਹਾਂ ਜੀ |
| | | (4) ਅਗਰ ਰੱਖਿਆ ਜਾਣਾ ਚਾਹੀਦਾ ਹੈ ਤਾਂ ਇਸ ਪੱਖ ਨੂੰ ਕਿਸ ਹੱਦ ਤੱਕ ਵਿਚਾਰਿਆ ਜਾਵੇ। ਭਾਵ ਤਨਖਾਹ ਸਕੇਲ ਦਾ ਅਨੁਪਾਤ ਸਰਕਾਰੀ ਕਰਮਚਾਰੀ ਅਤੇ ਉਪਰੋਕਤ ਅਦਾਰਿਆਂ ਵਿੱਚ ਕੀ ਹੋਣਾ ਚਾਹੀਦਾ ਹੈ? | ਤਨਖਾਹ ਸਕੇਲ ਬਰਾਬਰ ਰੱਖੇ ਜਾਣ |
| 4 | | <u>ਤਨਖਾਹਾਂ</u> | |
| | | (1) ਕੀ ਵਿਭਾਗ ਦੇ ਮੁੱਖੀ ਨੂੰ ਦਿੱਤੀ ਜਾਣ ਵਾਲੀ ਤਨਖਾਹ ਤਹਿ ਕੀਤੀ ਜਾਣੀ ਚਾਹੀਦੀ ਹੈ ? | ਹਾਂ ਜੀ |
| | | (2) ਵਿਭਾਗ ਦੇ ਮੁੱਖੀ ਨੂੰ ਮੁੱਢਲੀ ਤਨਖਾਹ ਕਿੰਨੀ ਦਿੱਤੀ ਜਾਣੀ ਚਾਹੀਦੀ ਹੈ? | ਵਿਸ਼ੇਸ਼ ਸਕੱਤਰ ਦਾ ਤਨਖਾਹ ਸਕੇਲ |
| | | (3) ਕੀ ਵਿਭਾਗ ਦੇ ਮੁੱਖੀ ਦੀ ਨਿਯੁਕਤੀ ਠੇਕੇ ਦੇ ਆਧਾਰ ਤੇ ਕੀਤੀ ਜਾਣੀ ਚਾਹੀਦੀ ਹੈ ਜਿਥੇ ਕਿ ਉਸਦੀ ਤਨਖਾਹ ਅਤੇ ਕੀਤੇ ਕੰਮ ਦੇ ਟੀਚਿਆਂ ਨੂੰ ਮੁੱਖ ਰੱਖਕੇ ਉਸਦੀ ਦੀ ਤਨਖਾਹ ਨਾਲ ਸਿੱਧਾ ਸਬੰਧ ਜੋੜਿਆ ਜਾ ਸਕੇ ? | ਨਹੀਂ ਜੀ |
| | | (4) ਕੀ ਨੌਕਰਸ਼ਾਹੀ ਲਈ ਪਹਿਲ੍ਹਾਂ ਤਹਿ ਕੀਤੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਤਨਖਾਹ ਦੇ ਅਨੁਪਾਤ ਦੇ ਸਿਧਾਂਤ ਨੂੰ ਕਾਇਮ ਰੱਖਣ ਦੀ ਜਰੂਰਤ ਹੈ ਜਾਂ ਨਹੀਂ? | ਹਾਂ ਜੀ |
| | | (5) ਕੀ ਸ਼ਾਨਦਾਰ ਸੇਵਾ ਨਿਭਾਉਣ ਵਾਲੇ ਕਰਮਚਾਰੀਆਂ ਵੱਲੋਂ ਸਰਕਾਰ ਦੀਆਂ ਸੇਵਾਵਾਂ ਛੱਡਕੇ ਚਲੇ ਨਾ ਜਾਣ ਨੂੰ ਯਕੀਨੀ ਬਣਾਉਣਾ ਬਹੁਤ ਮਹੱਤਵਪੂਰਨ ਹੈ? | ਹਾਂ ਜੀ |
| 5 | | <u>ਪ੍ਰਸਪਰ ਸਬੰਧ</u> (ਉਤਰ 1●● ਸ਼ਬਦਾਂ ਵਿੱਚ ਦਿਉ) | |
| | | (1) ਸਕੱਤਰੇਤ ਸਟਾਫ ਇਕ ਕਾਰਜਕਾਰਣੀ ਹੈ ਅਤੇ ਕਾਨੂੰਨ ਅਤੇ ਸਰਕਾਰੀ ਪਾਲਿਸੀਆਂ ਬਣਾਉਂਦੇ ਹਨ ਜਦੋਂ ਕਿ ਖੇਤਰੀ ਦਫਤਰ ਇਨ੍ਹਾਂ ਨੂੰ ਸਿਰਫ ਲਾਗੂ ਕਰਦੇ ਹਨ, ਕੀ ਕਾਨੂੰਨ ਅਤੇ ਪਾਲਿਸੀ ਨੂੰ ਬਣਾਉਣ ਅਤੇ ਦੋਵਾਂ ਨੂੰ ਲਾਗੂ ਕਰਨ ਵਾਲੇ ਕਰਮਚਾਰੀਆਂ ਅਤੇ ਅਧਿਕਾਰੀਆਂ ਵਿੱਚ ਕਾਫੀ ਅੰਤਰ ਹੈ? ਕੀ ਸਕੱਤਰੇਤ ਅਤੇ ਇਸਦੇ ਬਰਾਬਰ ਦੇ ਹੋਰ ਸੰਗਠਨਾਂ ਦੇ ਕਰਮਚਾਰੀ, ਖੇਤਰੀ ਕਰਮਚਾਰੀਆਂ ਤੋਂ ਇਸ ਲਈ ਵੱਧ ਤਨਖਾਹ ਲੈਣ ਦੇ ਹੱਕਦਾਰ ਹਨ, ਕਿਉਂਕਿ ਖੇਤਰੀ ਕਰਮਚਾਰੀਆਂ ਨੂੰ ਇਸ ਬਦਲੇ ਹੋਰ ਸਹੂਲਤਾਂ, ਜਿਵੇਂ ਕਿ ਮੁਫਤ ਮਕਾਨ ਕਿਰਾਇਆ ਸਹੂਲਤ, ਬਿਜਲੀ ਕਰਮਚਾਰੀਆਂ ਨੂੰ ਬਿਜਲੀ ਦੀਆਂ ਕੁਝ ਯੂਨਿਟਾਂ, ਟਰਾਂਸਪੋਰਟ ਕਰਮਚਾਰੀਆਂ ਨੂੰ ਬੱਸਾਂ ਵਿੱਚ ਮੁਫਤ ਸਫਰ ਕਰਨਾ ਅਤੇ ਮਹਿਕਮੇ ਅਨੁਸਾਰ ਹੋਰ ਵੱਖ ਵੱਖ ਸਹੂਲਤਾਂ ਲੈਣਾ ਆਦਿ ਪ੍ਰਦਾਨ ਹੋ ਜਾਂਦੀਆਂ ਹਨ ਜਦੋਂ ਕਿ ਸਕੱਤਰੇਤ ਪੱਧਰ ਤੇ ਅਜਿਹੀਆਂ ਕੋਈ ਸਹੂਲਤਾਂ ਸਕੱਤਰੇਤ ਕਰਮਚਾਰੀਆਂ ਨੂੰ ਨਹੀਂ ਹਨ। | ਅਜੋਕੇ ਦੌਰ ਵਿੱਚ ਖਾਸ ਕਰਕੇ ਅਧਿਕਾਰਾਂ ਦੇ ਵਿਕੇਂਦਰੀਕਰਨ ਹੋਣ ਕਰਕੇ ਫੈਸਲੇ ਲਾਗੂ ਕਰਨਾ ਵਧੇਰੇ ਮਹੱਤਵਪੂਰਨ ਹੈ । ਭਾਂਵੇ ਕਾਨੂੰਨ ਅਤੇ ਨੀਤੀਆਂ ਬਣਾਉਣਾ ਵੀ ਮਹਾਨਤਾ ਰੱਖਦਾ ਹੈ । ਸਕੱਤਰੇਤ ਕਰਮਚਾਰੀ “ਵਿਸ਼ੇਸ਼ ਤਨਖਾਹ” ਦੇ ਹੱਕਦਾਰ ਹਨ। ਇਹ ਗਲਤ ਹੈ ਕਿ ਖੇਤਰੀ ਕਰਮਚਾਰੀਆਂ ਨੂੰ ਮੁਫਤ ਮਕਾਨ ਕਿਰਾਇਆ ਸਹੂਲਤ, ਟਰਾਂਸਪੋਰਟ ਸਟਾਫ ਨੂੰ ਮੁਫਤ ਸਫਰ ਸਹੂਲਤ ਆਦਿ |

| | | | |
|---|---|---|---|
| | | | ਮਿਲਦੀ ਹੈ। |
| | | (2) ਕੀ ਮੁਆਵਜੇ ਦੀ ਪੂਰਤੀ ਲਈ ਸਕੱਤਰੇਤ ਕਰਮਚਾਰੀਆਂ ਨੂੰ ਸਕੱਤਰੇਤ ਭੱਤਾ ਤੋਂ ਇਲਾਵਾ ਹੋਰ ਸਹੂਲਤਾਂ ਵੀ ਦੇਣੀਆਂ ਚਾਹੀਦੀਆਂ ਹਨ ਜਿਸ ਨਾਲ ਉਹ ਖੇਤਰੀ ਦਫਤਰਾਂ ਦੇ ਕਰਮਚਾਰੀਆਂ ਦੇ ਘਟੋ ਘੱਟ ਬਰਾਬਰ ਤਾਂ ਰਹਿ ਸਕਣ। | ਸਕੱਤਰੇਤ ਸਟਾਫ ਨੂੰ 'ਵਿਸ਼ੇਸ ਤਨਖਾਹ' ਪ੍ਰਚਲਤ ਦਰਾਂ ਤੋਂ ਦੁਗਣੀ ਦਿੱਤੀ ਜਾਵੇ। |
| | | (3) ਕੀ ਪ੍ਰਬੰਧਕੀ ਵਿਭਾਗ ਦੇ ਪ੍ਰਸਾਸਕੀ ਅਧਿਕਾਰਾਂ ਦਾ ਵਿਕੇਂਦਰੀਕਰਨ ਹੋ ਜਾਣ ਕਾਰਨ ਸਕੱਤਰੇਤ ਕਰਮਚਾਰੀਆਂ ਵਾਂਗ ਖੇਤਰੀ ਦਫਤਰਾਂ ਦੇ ਕਰਮਚਾਰੀਆਂ ਨੂੰ ਵੀ ਸਕੱਤਰੇਤ ਭੱਤਾ ਜਾਂ ਖੇਤਰੀ ਭੱਤਾ ਆਦਿ ਦੇਣਾ ਉਚਿਤ ਹੋਵੇਗਾ। | ਨਹੀਂ ਜੀ |
| 6 | <u>ਗਰੁੱਪ ਏ ਸੇਵਾਵਾਂ</u> | | |
| | | (1) ਕੀ ਭਾਰਤ ਸਰਕਾਰ ਅਤੇ ਰਾਜ ਦੀਆਂ ਕੁੱਝ ਸਿਵਲ ਸੇਵਾਂਵਾ ਰਾਜ ਦੀਆਂ ਦੂਜੀਆਂ ਤਕਨੀਕੀ ਅਤੇ ਗੈਰ-ਤਕਨੀਕੀ ਸੇਵਾਵਾ ਦੇ ਤਨਖਾਹ ਸਕੇਲ ਇਕੋਂ ਜਿਹੇ ਕੀਤੇ ਜਾਣੇ ਚਾਹੀਦੇ ਹਨ ਜਾਂ ਨਹੀ। | ਹਾਂ ਜੀ |
| | | (2) ਕੀ ਰਾਜ ਵਿੱਚ ਸਾਰੀਆਂ ਮੌਜੂਦਾ ਸੇਵਾਵਾ ਅਤੇ ਮੌਜੂਦਾ ਤਕਨੀਕੀ ਸੇਵਾਵਾ ਨੂੰ ਸਮਿਲਿਤ ਕਰਕੇ ਇਕੋਂ ਜਿਹੇ ਤਨਖਾਹ ਸਕੇਲ ਕਰ ਦਿੱਤੇ ਜਾਣੇ ਚਾਹੀਦੇ ਹਨ ਜਾਂ ਨਹੀਂ। | ਨਹੀਂ ਜੀ |
| | | (3) ਕੀ ਅੱਛੀ ਯੋਗਤਾ ਵਾਲੇ ਉਮੀਦਵਾਰਾਂ ਨੂੰ ਖਿੱਚਣ ਲਈ ਗਰੁਪ ਏ ਸੇਵਾਵਾ ਦੇ ਤਨਖਾਹ ਸਕੇਲ ਦੇ ਪੈਟਰਨ ਨੂੰ ਮੁੜ ਸੁਧਾਰਿਆ ਜਾਣਾ ਚਾਹੀਦਾ ਹੈ ਜਾਂ ਨਹੀ। | ਹਾਂ - ਜੀ |
| | | (4) ਰਾਜ ਦੀਆਂ ਗਰੁਪ ਏ ਸੇਵਾਵਾਂ ਵਿੱਚ ਕਰਮਚਾਰੀ ਨੂੰ ਟਿਕਾਉਣ ਅਤੇ ਨਿੱਜੀ ਸੈਕਟਰ ਵੱਲੋਂ ਨਵੇਂ ਪੇਸਾਵਰਾਂ ਨੂੰ ਜ਼ਿਆਦਾ ਮੁਆਵਜ਼ਾ ਜਾਂ ਪੈਕਜ ਦੇ ਬਾਵਜੂਦ ਰੋਕਣ ਲਈ ਸੁਝਾਅ ਦਿਉ। | ਨਿੱਜੀ ਖੇਤਰ ਵੱਲ ਖਿਚ ਥੋੜੇ ਸਮੇਂ ਦਾ ਵਰਤਾਰਾ ਹੈ। ਵਿੱਤੀ ਸੰਕਟ ਨੇ ਪਬਲਿਕ ਖੇਤਰ/ਸਰਕਾਰੀ ਸੇਵਾਵਾਂ ਦੀ ਉੱਚਤਾ ਦਰਸਾ ਦਿੱਤੀ ਹੈ। ਪੇਸ਼ਾਵਾਰਾਵਾਂ ਸੇਵਾਵਾਂ ਨੂੰ ਚੰਗੇਰਾ ਪੈਕਜ਼ ਸਮੇਂ ਦੀ ਲੋੜ ਹੈ। |
| 7 | <u>ਕਿੱਤਾਵਾਰ ਕਰਮਚਾਰੀ</u> | | |
| | | (1) ਕੀ ਵਿਗਿਆਨ ਅਤੇ ਟੈਕਨੋਲੋਜੀ ਦੇ ਖੇਤਰ ਵਿੱਚ ਕੰਮ ਕਰਨ ਵਾਲੇ ਮਾਹਿਰਾਂ ਲਈ ਟਿਕੇ ਰਹਿਣ ਅਤੇ ਵਧੀਆ ਕੰਮ ਕਰਨ ਦੇ ਬਦਲੇ ਵਿੱਚ ਕੀ ਮੁਆਵਜਾ/ ਪੈਕਜ ਦਿੱਤਾ ਜਾਣਾ ਚਾਹੀਦਾ ਹੈ। | ਹਾਂ- ਜੀ |
| | | (2) ਤਨਖਾਹ ਤੋਂ ਇਲਾਵਾ ਇਨ੍ਹਾਂ ਵਿਗਿਆਨੀਆਂ ਅਤੇ ਤਕਨੀਕੀ ਮਾਹਿਰਾਂ ਨੂੰ ਹੋਰ ਕੀ ਵਾਧੂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਬਾਰੇ 50 ਸ਼ਬਦਾਂ ਵਿੱਚ ਵਰਨਣ ਕਰੋ। | ਹਾਇਰ ਯੋਗਤਾ ਬਦਲੇ ਅਗਾਊਂ ਸਲਾਨਾਂ ਤਰੱਕੀਆਂ, ਯੋਗਤਾਵਾਂ ਵਧਾਉਣ/ਖੋਜਾਂ ਕਰਨ ਦੇ ਸਹਾਈ ਹੋਣ ਲਈ ਤਨਖਾਹ ਸਮੇਤ ਛੁੱਟੀਆਂ ਅਤੇ ਅਕਾਡਮਿਕ ਭੱਤਾ |

| | | | |
|---|---|---|---|
| | | | ਦਿੱਤਾ ਜਾਵੇ। |
| 8 | ਅਸਾਮੀਆਂ ਦਾ ਵਰਗੀਕਰਨ | | |
| | | (1) ਇਸ ਵੇਲੇ ਸਰਕਾਰ ਵੱਲੋਂ ਆਸਾਮੀਆਂ ਨੂੰ ਗਰੁਪ ਏ, ਬੀ, ਸੀ ਅਤੇ ਡੀ ਵਿੱਚ ਵੰਡਿਆਂ ਹੋਇਆ ਹੈ ਕੀ ਇਨ੍ਹਾਂ ਦੀ ਥਾਂ ਮੁੜ ਵਰਗੀਕਰਨ ਜਾਂ ਹੋਰ ਨਵੇਂ ਨਾਂਵ ਦੇਣ ਦੀ ਜਰੂਰਤ ਹੈ? | ਨਹੀ-ਜੀ |
| | | (2) ਅਗਰ ਇਨ੍ਹਾਂ ਵਰਗਾਂ ਦੀ ਤਬਦੀਲੀ ਨੂੰ ਨਵੇਂ ਸਿਰੇ ਤੋਂ ਵਿਚਾਰਿਆ ਜਾਵੇ ਤਾਂ ਤੁਸੀਂ ਕੀ ਸੁੱਝਾਅ ਦਿਉਗੇ। | 'ਬੀ' ਅਤੇ 'ਏ' ਵਰਗ ਨੂੰ ਗਜਟਿਡ ਐਲਾਨਿਆ ਜਾਵੇ। |
| | | (3) ਹਰ ਕੈਟੇਗਰੀਜ਼ ਲਈ ਕਿਹੜਾ ਨਾਮ ਦੇਣ ਦੀ ਸਿਫਾਰਸ਼ ਕਰੋਗੇ।<br>1) ਏ....<br>2) ਬੀ....<br>3) ਸੀ....<br>4) ਡੀ.... | ਲੋੜ ਨਹੀਂ |
| 9 | | ਗਰੁੱਪ ਸੀ ਅਤੇ ਡੀ ਅਸਾਮੀਆਂ ਦਾ ਮੁੜ ਢਾਂਚਾ ਤਿਆਰ ਕਰਨਾ | |
| | | (1) ਕੀ ਸਕੱਤਰੇਤ ਵਿਚਲੇ ਵਰਤਮਾਨ "ਸੀ" ਗਰੁਪ ਵਿੱਚ ਕਾਰਜ-ਕਰਤਾਵਾਂ ਨੂੰ ਰਾਜ ਦੇ ਹੋਰ ਬਰਾਬਰ ਦੇ ਦਫਤਰਾਂ ਵਿੱਚ ਬਦਲਿਆਂ ਜਾਣਾ ਚਾਹੀਦਾ ਹੈ? | ਨਹੀਂ ਜੀ |
| | | (2) ਕੀ ਇਨ੍ਹਾਂ ਨੂੰ ਡਾਇਰੈਕਟੋਰੇਟ ਪੱਧਰ ਜਾਂ ਜਿਲ੍ਹਾ ਦਫਤਰਾਂ ਵਿੱਚ ਬਦਲਿਆ ਜਾਣਾ ਚਾਹੀਦਾ ਹੈ। | ਨਹੀਂ ਜੀ |
| | | (3) ਗਰੁਪ "ਡੀ" ਵਿੱਚ ਕੰਮ ਕਰਨ ਵਾਲੇ ਸਕਿਲਡ ਅਤੇ ਸੈਮੀ ਸਕਿਲਡ ਅਮਲੇ ਦੀਆਂ ਕੁੱਝ ਸ਼੍ਰੇਣੀਆਂ ਨੂੰ ਮੁੜ ਇਕੱਤਰ ਕੀਤਾ ਜਾਣਾ ਚਾਹੀਦਾ ਹੈ ? ਜੇਕਰ ਹਾਂ ਤਾਂ ਇਸ ਬਾਰੇ 5● ਸ਼ਬਦਾਂ ਵਿੱਚ ਸੁਝਾਅ ਦਿਉ। | ਪ੍ਰਚਲਤ 262●-414● ਸਕੇਲ ਵਾਲੇ ਕਰਮਚਾਰੀਆਂ ਨੂੰ 312●-516● ਸਕੇਲ ਵਿੱਚ ਸੈਮੀ ਸਕਿਲਡ ਅਤੇ ਮੇਟ ਆਦਿ ਨੂੰ 272●-426● ਨੂੰ 333●-62●● ਅਤੇ ਸਕਿਲਡ ਵਰਗ ਨੂੰ 4●2● -62●● ਵਿੱਚ ਰੱਖ ਕੇ ਸਕੇਲ ਸੋਧੇ ਜਾਣ। |
| 1● | | ਤਨਖਾਹ ਸਕੇਲ | |
| | | (1) ਹਰੇਕ ਗਰੁਪ ਵਿੱਚ ਮੌਜੂਦਾ ਅਸਾਮੀਆਂ ਦੀ ਤਨਖਾਹ ਦਾ ਆਪਸ ਵਿੱਚ ਸਕੇਲ ਦਾ ਕੀ ਅਨੁਪਾਤ ਹੋਣਾ ਚਾਹੀਦਾ ਹੈ ਭਾਵ :-<br>(1) ਗਰੁੱਪ ਏ ਅਤੇ ਬੀ ਵਿੱਚ ਕੀ ਅਨੁਪਾਤ ਹੋਣਾ ਚਾਹੀਦਾ ਹੈ?<br>(2) ਗਰੁੱਪ ਬੀ ਅਤੇ ਸੀ ਵਿੱਚ ਕੀ ਅਨੁਪਾਤ ਹੋਣਾ ਚਾਹੀਦਾ ਹੈ?<br>(3) ਗਰੁੱਪ ਸੀ ਅਤੇ ਡੀ ਵਿੱਚ ਕੀ ਅਨੁਪਾਤ ਹੋਣਾ ਚਾਹੀਦਾ ਹੈ ?<br>(4) ਵੱਧ ਤੋਂ ਵੱਧ ਗਰੁੱਪ ਏ ਅਤੇ ਡੀ ਵਿੱਚ ਕੀ ਅਨੁਪਾਤ ਹੋਣਾ ਚਾਹੀਦਾ ਹੈ ? | <br><br>1:1.33<br><br>1:2.1<br><br>1:1.5<br><br>1:7 |
| | | (2) ਪਿਛਲੇ ਸਮੇਂ ਵਿੱਚ ਇਕ ਤੋਂ ਬਾਅਦ ਇਕ ਤਨਖਾਹ | ਨਹੀਂ ਜੀ |

| | | | |
|---|---|---|---|
| | | ਕਮਿਸਨਾਂ ਵਲੋਂ ਕਰਮਚਾਰੀਆਂ ਦੇ ਤਨਖਾਹ ਸਕੇਲਾਂ ਦੀ ਗਿਣਤੀ ਘਟਾਈ ਗਈ ਹੈ ਅਤੇ ਚੌਥੇ ਤਨਖਾਹ ਕਮਿਸ਼ਨ ਵਲੋਂ ਇਹ ਗਿਣਤੀ ਘਟਾ ਕੇ 32 ਕਰ ਦਿੱਤੀ ਗਈ ਸੀ, ਕੀ ਤੁਸੀਂ ਇਸ ਗਿਣਤੀ ਨੂੰ ਹੋਰ ਘਟਾਉਣਾ ਚਾਹੋਗੇ? | |
| | | (3) ਤਨਖਾਹ ਸਕੇਲਾਂ ਦੀ ਗਿਣਤੀ ਨੂੰ ਹੋਰ ਘਟਾਉਣ ਕਾਰਣ ਫੀਡਰ ਗ੍ਰੇਡਾਂ ਵਿੱਚ ਤਰੱਕੀ ਵਗੈਰਾ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਜਿਹੜਾ ਵੀ ਉਪਰਲਾ ਸਕੇਲ ਹੋਵੇਗਾ ਉਹ ਆਪਣੇ ਆਪ ਨਾਲ ਧੱਕਾ ਹੋਇਆ ਮੰਨਦੇ ਹਨ ਉਨ੍ਹਾਂ ਦਾ ਮਨੋਬਲ ਵਧਾਉਣ ਲਈ ਕੀ ਕੀਤਾ ਜਾਵੇ। | ਪਦਉੱਨਤੀ ਸਮੇਂ ਬੇਸਿਕ ਤਨਖਾਹ ਦਾ 10% ਵਾਧਾ ਕਰਕੇ ਤਨਖਾਹ ਮਿਥੀ ਜਾਵੇ ਅਤੇ ਸਲਾਨਾ ਤਰੱਕੀ ਦੀ ਮਿਤੀ ਫੀਡਰ ਅਸਾਮੀ ਵਾਲੀ ਰੱਖੀ ਜਾਵੇ |
| | | (4) ਕੀ ਮੌਜੂਦਾ ਤਨਖਾਹ ਸਕੇਲਾਂ ਦੀ ਗਿਣਤੀ ਜਿਵੇਂ ਹੈ, ਇਸੇ ਤਰ੍ਹਾਂ ਹੀ ਰੱਖ ਲੈਣੀ ਚਾਹੀਦੀ ਹੈ ਤਾਂ ਜੋ ਨਵੀਆਂ ਵਿਸੰਗਤੀਆਂ ਪੈਦਾ ਨਾ ਹੋਣ। | ਹਾਂ ਜੀ |
| | | (5) ਕੀ ਚਲੰਤ ਤਨਖਾਹ ਸਕੇਲ ਨੂੰ ਲਾਗੂ ਰੱਖਣਾ ਚਾਹੀਦਾ ਹੈ ? | ਚਲਤ ਤਨਖਾਹ ਸਕੇਲ (ਮਾਸਟਰ ਸਕੇਲ ) ਲਾਗੂ ਰਵੇ। |
| 11 | <u>ਸਲਾਨਾ ਤਰੱਕੀਆਂ</u> | | |
| | | (1) ਸਲਾਨਾ ਤਰੱਕੀ ਦੀ ਦਰ ਤਹਿ ਕਰਨ ਲਈ ਕੀ ਮਾਪਦੰਡ ਹੋਣਾ ਚਾਹੀਦਾ ਹੈ। | 5% ਸਲਾਨਾ ਤਰੱਕੀ ਲਾਗੂ ਹੋਵੇ |
| | | (2) ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਤਨਖਾਹ ਸਕੇਲ ਵਿੱਚ ਸਲਾਨਾ ਤਰੱਕੀ ਦੀ ਦਰ ਕਿੰਨੇ ਪ੍ਰਤੀਸ਼ਤ ਨਿਸਚਿਤ ਕੀਤੀ ਜਾਣੀ ਚਾਹੀਦੀ ਹੈ। | ਇਕਸਾਰ 5% |
| | | 3) ਕੀ ਸਾਰੇ ਤਨਖਾਹ ਸਕੇਲ ਵਿੱਚ ਤਰੱਕੀ ਦੀ ਦਰ ਇਕੋ ਜਿਹੀ ਹੋਣੀ ਚਾਹੀਦੀ ਹੈ ਜਾਂ ਘੱਟ ਸਕੇਲ ਵਿੱਚ ਵੱਧ ਅਤੇ ਵੱਧ ਸਕੇਲ ਵਿੱਚ ਘੱਟ ਹੋਣੀ ਚਾਹੀਦੀ ਹੈ ? | ਇਕਸਾਰ ਪ੍ਰਤੀਸ਼ਤ ਸਲਾਨਾ ਤਰੱਕੀ ਹੋਵੇ |
| 12 | | <u>ਤਨਖਾਹ ਸਕੇਲਾਂ ਦੀ ਸੋਧ</u> | |
| | | (1) ਮਹਿੰਗਾਈ ਦੇ ਅਸਰ ਨੂੰ ਰੋਕਣ ਲਈ ਅਤੇ 100% ਸਾਂਵਾਂਪਣ ਲਿਆਉਣ ਲਈ ਭੱਤੇ ਦੇ ਰੂਪ ਵਿੱਚ ਮਹਿੰਗਾਈ ਕਿਸ਼ਤ ਦਿੱਤੀ ਜਾਂਦੀ ਹੈ ਤਾਂ ਫਿਰ ਵੀ ਕੀ ਕਰਮਚਾਰੀਆਂ ਦੇ ਤਨਖਾਹ ਸਕੇਲਾਂ ਵਿੱਚ ਸੋਧ ਕਰਨ ਦੀ ਕੋਈ ਲੋੜ ਹੈ ? | ਹਾਂ - ਜੀ |
| | | (2) ਤਨਖਾਹ ਸਕੇਲਾਂ ਨੂੰ ਸੋਧਦੇ ਸਮੇਂ ਤਨਖਾਹ ਨੁਕਤਾਦਰ ਨੁਕਤਾ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ ਜਾਂ ਕੋਈ ਹੋਰ ਵਿਧੀ ਅਪਣਾਈ ਜਾਵੇ ਜਿਸ ਵਿੱਚ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਸੀਨੀਅਰ ਕਰਮਚਾਰੀਆਂ ਨੂੰ ਜੂਨੀਅਰ ਕਰਮਚਾਰੀਆਂ ਨਾਲੋਂ ਕੋਈ ਨੁਕਸਾਨ ਨਾ ਹੋਵੇ ਅਤੇ ਸੀਨੀਅਰ ਕਰਮਚਾਰੀਆਂ ਵਲੋਂ ਕੀਤੀ ਗਈ ਸੇਵਾ ਨੂੰ ਧਿਆਨ ਵਿੱਚ ਕਿਵੇਂ ਰੱਖਿਆ ਜਾਵੇ ਇਸ ਬਾਰੇ ਆਪਣੇ ਸੁਝਾਅ 50 ਸ਼ਬਦਾਂ ਵਿੱਚ ਦਿਉ। | ਤਨਖਾਹ ਨੁਕਤਾ ਦਰ ਨੁਕਤਾ ਵਿਧੀ ਰਾਹੀਂ ਮਿਥੀ ਜਾਵੇ 1-1-2006 ਤੋਂ 5% ਅੰਤ੍ਰਿਮ ਰਲੀਫ "ਨੋਸ਼ਨਲ" ਵਾਧਾ ਮੰਨਕੇ Emolument ਦਾ ਭਾਗ ਮੰਨਿਆ ਜਾਵੇ |
| 13 | <u>ਮੁਆਵਜਾ ਭੱਤਾ</u> | | |
| | | (1) ਸਿਟੀ ਕੰਪੰਸੇਟਰੀ ਭੱਤਾ ਵੱਡੇ ਸ਼ਹਿਰਾਂ ਦੀਆਂ ਮੁਸ਼ਕਲਾਂ ਲਈ | ਹਾਂ ਜੀ |

| | | | |
|---|---|---|---|
| | | ਇਕ ਭਰਪੂਰ ਮੁਆਵਜ਼ਾ ਹੈ ਪਰੰਤੂ ਮਹਿੰਗਾਈ ਭੱਤਾ, ਮਕਾਨ ਕਿਰਾਇਆ ਭੱਤਾ ਮਿਲਣ ਦੀ ਸੂਰਤ ਵਿੱਚ ਸਿਟੀ ਕੰਪੰਸੇਟਰੀ ਭੱਤਾ ਜਾਰੀ ਰਹਿਣਾ ਚਾਹੀਦਾ ਹੈ? | |
| | | (2) ਕੀ ਸ਼ਹਿਰਾਂ ਦੇ ਵਰਗੀਕਰਨ ਦੇ ਆਧਾਰ ਤੇ ਸਿਟੀ ਕੰਪੰਸੇਟਰੀ ਭੱਤੇ ਦੀਆਂ ਦਰਾਂ ਬਦਲਣ ਦੀ ਲੋੜ ਹੈ? | ਹਾਂ ਜੀ |
| | | (3) ਸੋਧੀਆਂ ਦਰਾਂ ਦਾ ਅਧਾਰ ਅਤੇ ਦਰਾਂ ਸਪਸ਼ਟ ਕੀਤੀਆਂ ਜਾਣ? | 5-50 ਲੱਖ ਵੱਸੋਂ ਵਾਲੇ ਸ਼ਹਿਰਾਂ ਵਿੱਚ 10% ਅਤੇ 50 ਲੱਖ ਤੋਂ ਵੱਧ ਵਸੋਂ ਵਾਲੇ ਸ਼ਹਿਰਾਂ ਦੇ ਕਰਮਚਾਰੀਆਂ ਨੂੰ 15% ਸੀ. ਸੀ. ਏ. ਹੋਵੇ |
| | | (4) ਕੀ ਸਿਟੀ ਕੰਪੰਸੇਟਰੀ ਭੱਤੇ ਦੀਆਂ ਦਰਾਂ ਨੂੰ ਨਿਰਧਾਰਿਤ ਕਰਨ ਲਈ ਨਿਮਨ ਲਿਖਤ ਨੁਕਤਿਆਂ ਨੂੰ ਵੀ ਧਿਆਨ ਵਿੱਚ ਰੱਖਣਾ ਵਾਜਬ ਹੋਵੇਗਾ:-<br>1. ਸਿਵਲ ਸੇਵਾਵਾਂ ਨਾਲ ਪੈਰਿਟੀ;<br>2. ਸਰਕਾਰੀ ਸਿਵਲ ਸੇਵਾ ਕਰਨ ਵਾਲਿਆਂ ਦੀ ਪ੍ਰਾਈਵੇਟ ਖੇਤਰਾਂ ਨਾਲ ਤੁਲਨਾ;<br>3. ਵਿਸ਼ੇਸ਼ ਅਤੇ ਔਖੇ ਟਾਈਪ ਦੀਆਂ ਡਿਊਟੀਆਂ ਨੂੰ ਨਿਭਾਉਣ ਦੇ ਬਦਲੇ ਸੀ.ਸੀ.ਏ. ਦੇਣਾ<br>4. ਡਿਊਟੀ ਦੇ ਘੰਟੇ ਜ਼ਿਆਦਾ ਹੋਣ ਅਤੇ ਨੌਕਰੀ ਸਪੈਨ ਦਾ ਘੱਟ ਹੋਣਾ;<br>5. ਪਾਬੰਦੀਸ਼ੁਦਾ ਅਧਿਕਾਰਾਂ ਨੂੰ ਵੇਖਦਿਆਂ ਹੋਇਆਂ ; | ਨਹੀਂ ਜੀ |
| | | (5) ਦਿਨ ਰਾਤ ਡਿਊਟੀ ਦੇਣ ਵਾਲੇ ਕਿਸੇ ਗੰਨਮੈਨ/ ਸਕਿਊਰਟੀ ਗਾਰਡ ਦੀ ਤਨਖਾਹ ਦਫਤਰ ਵਿੱਚ ਕੰਮ ਕਰਨ ਵਾਲੇ ਪੁਲਿਸ ਕਰਮਚਾਰੀ ਦੇ ਮੁਕਾਬਲੇ ਕਿਵੇਂ ਤਹਿ ਕੀਤੀ ਜਾਣੀ ਚਾਹੀਦੀ ਹੈ? ਇਸ ਦਾ ਸਰਕਾਰ ਦੀ ਘੱਟ ਤੋਂ ਘੱਟ ਉਜਰਤਾਂ ਨਾਲ ਅਤੇ ਨੀਮ ਫੌਜੀ ਅਤੇ ਅੰਦਰੂਨੀ ਸੁਰਖਿਆਂ ਬਲਾਂ ਦੇ ਸਿਪਾਹੀਆਂ ਦੀ ਤਨਖਾਹ ਨਾਲ ਕਿਵੇਂ ਸਬੰਧ ਸਥਾਪਤ ਕੀਤਾ ਜਾਣਾ ਚਾਹੀਦਾ ਹੈ। 50 ਸ਼ਬਦਾਂ ਵਿੱਚ ਸੁਝਾਅ ਦਿਉ। | ਗੰਨਮੈਨ/ਸਕਿਊਰਟੀ ਗਾਰਡਾਂ ਦੀ ਡਿਊਟੀ ਮੁਸ਼ਕਿਲ ਭਰੀ ਅਤੇ ਕੰਮ ਦੇ ਘੰਟੇ ਵੀ ਵੱਧ ਹੋਣ ਕਾਰਨ 10% 'ਵਿਸ਼ੇਸ਼ ਤਨਖਾਹ' ਦਿੱਤੀ ਜਾਵੇ। |
| 14 | <u>(ਵੱਡੇ ਮਕਾਨਾਂ ਦੀ ਸਹੀ ਵਰਤੋਂ ਬਾਰੇ)</u> | | |
| | | (1) ਕੀ ਉਚ ਅਧਿਕਾਰੀਆਂ ਲਈ ਬਣਾਏ ਗਏ ਵੱਡੇ ਵੱਡੇ ਬੰਗਲੇ ਅਤੇ ਉਨ੍ਹਾਂ ਵਿੱਚ ਹੀ ਛੋਟੇ-ਛੋਟੇ ਮਕਾਨ ਨਿੱਜੀ ਅਮਲਾ, ਬੰਗਲਿਆਂ ਦੇ ਸੇਵਾਦਾਰ, ਬੈਟਮੈਨ ਜਾਂ ਬੇਲੋੜੀ ਸੁਰੱਖਿਆ ਜਾਂ ਰਸਮੀ ਡਿਊਟੀ ਤੇ ਤੈਨਾਤ ਸੁਰੱਖਿਆ ਵਰਦੀਧਾਰੀ ਕਰਮਚਾਰੀ ਆਦਿ ਜਗੀਰਦਾਰੀ ਅਲਾਮਤਾਂ ਨੂੰ ਖਤਮ ਕਰਨਾ ਚਾਹੀਦਾ ਹੈ? ਸੁਝਾਅ 50 ਸ਼ਬਦਾਂ ਵਿੱਚ ਦਿਉ। | ਅਜੇਕੇ ਜਮਹੂਰੀ ਪ੍ਰਬੰਧ ਵਿੱਚ ਵੱਡੇ ਬੰਗਲੇ ਅਤੇ ਅਣਚਾਹਿਆ ਸਟਾਫ ਨਹੀਂ ਚਾਹੀਦਾ। ਅਧਿਕਾਰੀਆਂ/ ਕਰਮਚਾਰੀਆਂ ਲਈ ਰਹਾਇਸ਼ੀ ਕਲੋਨੀਆਂ ਹੋਣ । |
| 15 | | <u>ਨਿਸ਼ਚਿਤ ਤਜਵੀਜ਼ਾਂ</u> | |
| | | (1) ਕਿਸ ਤਰੀਕੇ ਸਰਕਾਰ ਦੇ ਰੋਜਮਰਾਂ ਕੰਮ ਕਰਨ ਦੇ ਢੰਗ ਨੂੰ ਸੁਧਾਰਿਆ ਜਾਵੇ ਤਾਂ ਕਿ ਸਰਕਾਰੀ ਕੰਮ ਕਾਜ ਨੂੰ ਕਰਨ ਦੇ ਢੰਗ ਬਾਰੇ ਆਮ ਕਰਮਚਾਰੀ ਇਹ ਮਹਿਸੂਸ ਕਰੇ ਕਿ ਕੰਮਕਾਜ ਸੁਚੱਜੇ ਢੰਗ ਨਾਲ | ਭਾਰਤੀ ਸ਼ਹਿਰੀ ਨੂੰ ਗਾਹਕ ਨਹੀਂ ਦੇਸ਼ ਦਾ ਮਾਲਕ ਮੰਨਕੇ ਰਾਜ ਪ੍ਰਬੰਧ ਉਹਨਾਂ ਦੀਆਂ |

| | | | |
|---|---|---|---|
| | | ਕੀਤਾ ਜਾ ਰਿਹਾ ਹੈ। | ਲੋੜਾਂ ਅਨੁਸਾਰ "ਸਵੀਓਟਮ" ਮਾਡਲ ਅਨੁਸਾਰ ਸੋਧਿਆ ਜਾਵੇ। |
| | | (2) ਸਰਕਾਰੀ ਕੰਮਕਾਜ ਆਮ ਕਰਮਚਾਰੀ ਦੀਆਂ ਸਹੂਲਤਾਂ ਮੁਤਾਬਿਕ ਹੋਵੇ ਅਤੇ ਕੰਮਕਾਜ ਵਿੱਚ ਆਮ ਕਰਮਚਾਰੀ ਨੂੰ ਸਹੂਲਤ ਮਿਲਦੀ ਮਹਿਸੂਸ ਹੋਵੇ ਇਸ ਬਾਰੇ 50 ਸ਼ਬਦਾਂ ਵਿੱਚ ਸੁਝਾਵ ਦਿਉ। | ਅਧਿਕਾਰਾਂ ਦਾ ਵਿਕੇਂਦਰੀਕਰਨ ਹੋਵੇ , ਸਾਰੀਆਂ ਖਾਲੀ ਅਸਾਮੀਆਂ ਰੈਗੂਲਰ ਸਕੇਲਾਂ ਵਿੱਚ ਭਰੀਆਂ ਜਾਣ |
| | | (3) ਕੁੱਝ ਨਿਸਚਿਤ ਤਜਵੀਜਾਂ ਦਰਸਾਉਣ ਦੀ ਕ੍ਰਿਪਾਲਤਾ ਕਰੋ ਜੋ ਕਿ ਨਿਮਨ ਨਤੀਜੇ ਦਰਸਾ ਸਕਣ:- | |
| | | (1) ਜਿਸ ਕਰਮਚਾਰੀ ਕੋਲ ਕੋਈ ਕੰਮਕਾਰ ਨਹੀਂ ਹੈ ਉਸ ਤੋਂ ਸਰਕਾਰ ਵੱਲੋਂ ਕਿਸੇ ਹੋਰ ਸੰਸਥਾ ਵਿੱਚ ਕੰਮ ਕਿਵੇਂ ਲਿਆ ਜਾਵੇ। | ਅਧਿਕਾਰਾਂ ਦਾ ਵਿਕੇਂਦਰੀਕਰਨ ਹੋਵੇ |
| | | (2) ਰੂਲਾਂ/ਗਾਈਡ ਲਾਈਨਾਂ ਨੂੰ ਸਰਲ ਕਰਕੇ, ਕਿਵੇਂ ਸਰਕਾਰੀ ਕੰਮ ਕਾਜ ਨੂੰ ਸੁਧਾਰਿਆ ਜਾਵੇ ਤਾਂ ਜੋ ਬੇਲੋੜੀ ਕਾਗਜੀ ਕਾਰਵਾਈ ਤੋਂ ਬਚਿਆ ਜਾ ਸਕੇ। | Command ਵਿਧੀ ਖਤਮ ਕਰਕੇ ਰੂਲਾਂ/ਗਾਈਡ ਲਾਈਨਜ਼ ਵਿੱਚ ਸੋਧ ਕਮਰਸ਼ਲ ਢੰਗ ਨਾਲ ਫੈਸਲੇ ਕਰਨ ਦੀ ਵਿਧੀ ਅਨੁਸਾਰ ਹੋਵੇ। |
| | | (3) ਸਾਫ ਸੁਥਰੇ ਅਤੇ ਤਸੱਲੀਬਖਸ਼ ਕੰਮਕਾਜ ਲਈ ਕਿਹੋ ਜਿਹੇ ਵਾਤਾਵਰਣ ਦਾ ਹੋਣਾ ਜਰੂਰੀ ਹੈ? | ਲਿਖਾ -ਪੜੀ ਦੀ ਥਾਂ ਆਪਸੀ ਵਿਚਾਰਾਂ ਕਰਕੇ ਫੈਸਲੇ ਹਰ ਪੱਧਰ ਤੇ ਹੋਣ |
| | | (4) ਸਰਕਾਰੀ ਖਰਚੇ ਵਿੱਚ ਕਿਵੇਂ ਬੱਚਤ ਕੀਤੀ ਜਾ ਸਕਦੀ ਹੈ (ਸਟਾਫ ਘਟਾਕੇ, ਗੱਡੀਆਂ ਘਟਾਕੇ ਅਤੇ ਨਿਪੁੰਨਤਾ ਲਿਆ ਕੇ ਆਦਿ)। | ਅਫਸਰਾਂ ਦੀ Ladders ਨੂੰ ਘਟਾ ਕੇ ਨਿਪੁੰਨਤਾ ਲਿਆਂਦੀ ਜਾਵੇ । |
| | | (5) ਨੌਕਰੀ ਵਿੱਚ ਤੈਨਾਤ ਕਰਮਚਾਰੀਆਂ ਨੂੰ ਨਵੇਂ ਸਿਰੇ ਤੋਂ ਟ੍ਰੇਨਿੰਗ ਦੇ ਕੇ ਕਿਵੇਂ ਪੇਸਾਵਰਾਨਾ ਬਣਾਇਆ ਜਾ ਸਕਦਾ ਹੈ ? | ਲੋੜਾਂ ਅਨੁਸਾਰ Re-Training ਦਿੱਤੀ ਜਾਵੇ। |
| | | (6) ਮੁਕਦਮੇਬਾਜੀ ਨੂੰ ਘਟਾਉਣ ਲਈ ਕੀ ਢੰਗ ਤਰੀਕੇ ਅਪਣਾਏ ਜਾਣ। ਹਰ ਨੁਕਤੇ ਬਾਰੇ ਸੁਝਾਅ 20-20 ਸ਼ਬਦਾਂ ਵਿੱਚ ਦਿਉ। | ਹਰ ਪੱਧਰ ਤੇ Consultation Tribunals ਬਣਾਏ ਜਾਣ |
| | | (7) ਸਰਕਾਰ ਦੇ ਸੰਗਠਨਾਂ ਵੱਲੋਂ ਖਪਤਕਾਰਾਂ ਨੂੰ ਵਧੀਆਂ ਸੇਵਾ ਕਿਵੇਂ ਦਿੱਤੀਆਂ ਜਾਣ? | ਖਪਤਕਾਰਾਂ ਨੂੰ ਸ਼ਹਿਰੀ ਭਾਗੀਦਾਰੀ ਅਤੇ ਪਾਰਦਰਸ਼ਤਾ ਵਿਧੀ ਰਾਹੀਂ ਸੇਵਾ ਦਿੱਤੀ ਜਾਵੇ। |
| 16 | | <u>ਨਵੀਆਂ ਧਾਰਨਾਵਾਂ</u> | |
| | | (1) ਕੀ ਤੁਹਾਡੇ ਖਿਆਲ ਵਿੱਚ ਮੁਲਾਜਮਾ ਨੂੰ ਠੇਕੇ ਤੇ ਜਾਂ ਪਾਰਟ ਟਾਈਮ ਰੱਖਣਾ, ਮੁਲਾਜਮਾਂ ਦੇ ਕੰਮਕਾਜ ਦਾ ਸਮਾਂ ਉਨ੍ਹਾਂ ਵਲੋਂ ਮਰਜੀ ਨਾਲ ਚੁਨਣਾ ਅਤੇ ਉਨ੍ਹਾਂ ਵਲੋਂ ਹੀ ਕੰਮ ਕਰਨ ਦੀ ਜਗ੍ਹਾਂ ਘਰ ਜਾਂ ਦਫਤਰ ਚੋਂ ਚੁਨਣਾ ਠੀਕ ਹੋਵੇਗਾ? | ਨਹੀਂ ਜੀ |
| | | (2) ਕੀ ਪੰਜਾਬ ਸਰਕਾਰ ਨੂੰ ਇਹ ਨੀਤੀ ਅਪਣਾਉਣੀ ਚਾਹੀਦੀ | ਠੇਕੇ ਅਤੇ ਪਾਰਟ ਟਾਈਮ |

| | | | |
|---|---|---|---|
| | | ਹੈ, ਜੇਕਰ ਅਪਣਾਉਣੀ ਚਾਹੀਦੀ ਹੈ ਤਾਂ ਇਸ ਬਾਰੇ 50 ਸਬਦਾਂ ਵਿੱਚ ਵਿਚਾਰ ਦੱਸੇ ਜਾਣ। | ਵਿਧੀ ਅਨਿਆਂ ਭਰਪੂਰ ਅਤੇ ਗੈਰ ਸਵਿਧਾਨਿਕ ਹੈ । |
| | | (3) ਜੇਕਰ ਇਹ ਤਰੀਕਾ ਅਪਣਾਇਆ ਜਾਵੇ ਤਾਂ ਕੀ ਤੁਹਾਨੂੰ ਲਗਦਾ ਹੈ ਕਿ ਨੌਜਵਾਨਾਂ ਅਤੇ ਨੌਜਵਾਨ ਔਰਤਾਂ ਨੂੰ ਖਾਸ ਤੌਰ ਤੇ ਲਾਹੇਵੰਦ ਹੋਵੇਗਾ। | ਨਹੀਂ ਜੀ |
| | | (4) ਸਰਕਾਰ ਨੂੰ ਕਿਹੜੇ ਕਿਹੜੇ ਕਦਮ ਉਠਾਉਣੇ ਜਾਂ ਤਕਨੀਕਾਂ ਅਪਣਾਉਣੀਆਂ ਚਾਹੀਦੀਆਂ ਹਨ, ਤਾਂ ਜੋ ਕਿ ਕਰਮਚਾਰੀ ਦੇ ਸਮੇਂ ਸਿਰ ਦਫਤਰ ਆਉਣ ਅਤੇ ਜਾਣ ਨੂੰ ਯਕੀਨੀ ਬਣਾਇਆ ਜਾ ਸਕੇ। ਕੀ ਦਫਤਰ ਆਉਣ ਜਾਂ ਜਾਣ ਸਮੇਂ ਕਾਰਡ ਨੂੰ ਪੰਚ ਕਰਨਾ ਜਾਂ ਅਗੂਠੇ ਦੇ ਨਿਸ਼ਾਨ ਕੰਪਿਊਟਰ ਤੇ ਦੇਣਾ ਵਾਜਿਬ ਹੋਵੇਗਾ? | ਕਾਰਡ ਪੰਚ ਕਰਨਾ, ਕੰਪਿਊਟਰ ਤੇ ਅੰਗੂਠੇ ਦਾ ਨਿਸ਼ਾਨ ਦੇਣਾ ਵਾਜਬ ਹੈ। |
| | | (5) ਵਿਗਿਆਨੀ, ਡਾਕਟਰ, ਇੰਜੀਨੀਅਰ ਅਤੇ ਸਭਿਅਕ ਵਿਧੀਆਂ ਵਾਲਿਆਂ ਨੂੰ ਉਨ੍ਹਾਂ ਦੇ ਖੇਤਰ ਵਿੱਚ ਤੈਨਾਤੀ ਬਣਾਏ ਰੱਖਣ ਲਈ ਕੀ-ਕੀ ਉਪਰਾਲੇ ਕਰਨੇ ਚਾਹੀਦੇ ਹਨ? | ਅਕਾਡਮਕ ਵਿਕਾਸ, ਪਦਉੱਨਤੀਆਂ ਦੇ ਚੰਗੇ ਮੌਕੇ ਅਤੇ ਖੋਜ ਕਰਨ ਦੀ ਖੁੱਲ੍ਹ ਹੋਵੇ। |
| | | (6) ਕੀ ਉਨ੍ਹਾਂ ਨੂੰ ਅੱਛੀ ਤਨਖਾਹ, ਵਧੀਆਂ ਪਦਵੀ, ਵਧੀਆਂ ਸ਼ੁਰੂਆਤੀ ਤਨਖਾਹ ਜਾਂ ਜ਼ਿਆਦਾ ਵਾਧੂ ਸਲਾਨਾ ਤਰੱਕੀਆਂ ਦੇ ਕੇ ਅਤੇ ਹੋਰ ਬਿਹਤਰ ਸਰਵਿਸ ਸਹੂਲਤਾ ਪ੍ਰਦਾਨ ਕਰਨਾ ਆਦਿ ਹੋਣਾ ਚਾਹੀਦਾ ਹੈ। | ਹਾਂ ਜੀ |
| | | (7) ਕੀ ਕਰਮਚਾਰੀ ਨੂੰ ਸਰਕਾਰੀ ਨੌਕਰੀ ਤੋਂ ਪ੍ਰਾਈਵੇਟ ਅਤੇ ਪ੍ਰਾਈਵੇਟ ਨੌਕਰੀ ਤੋਂ ਸਰਕਾਰੀ ਸੇਵਾ ਵਿੱਚ ਆਉਣ ਜਾਣ ਉਪਰ ਕੋਈ ਰੋਕ ਨਾ ਹੋਵੇ । | ਹਾਂ ਜੀ, ਜੇਕਰ ਲੋਕ ਹਿੱਤ ਵਿੱਚ ਹੋਵੇ। |
| | | (8) ਅਗਰ ਅਜਿਹਾ ਕੀਤਾ ਜਾਵੇ ਤਾਂ ਉਹ ਕਿਹੜੀਆਂ ਕਿਹੜੀਆਂ ਸੰਸਥਾਵਾਂ ਹਨ ਜਿਨ੍ਹਾਂ ਵਿੱਚ ਅਜਿਹਾ ਕੀਤਾ ਜਾ ਸਕਦਾ ਹੈ। | ਇਹ ਸਮੇ ਸਮੇਂ ਸਿਰ ਮਿਥੀਆਂ ਜਾਣ |
| | | (9) ਕੀ ਤੁਸੀ ਇਹ ਠੀਕ ਸਮਝਦੇ ਹੋ ਕਿ ਸਰਕਾਰ ਨੂੰ ਆਪਣੇ ਸਰਕਾਰੀ ਮੁਲਾਜਮਾਂ ਨੂੰ ਪ੍ਰੇਰਿਤ ਕਰਕੇ ਉਨ੍ਹਾਂ ਨੂੰ ਠੇਕੇ ਦੇ ਆਧਾਰ ਤੇ ਇੱਕ ਨਿਸਚਿਤ ਸਮੇਂ ਲਈ ਪ੍ਰਾਈਵੇਟ ਨੌਕਰੀ ਵਿੱਚ ਆਉਣ ਲਈ ਉਤਸਾਹਿਤ ਕਰਨਾ ਚਾਹੀਦਾ ਹੈ, ਭਾਵੇਂ ਸਰਕਾਰ ਨੂੰ ਅਜਿਹਾ ਕਰਨ ਲਈ ਵਾਧੂ ਤਨਖਾਹ ਆਪਣੇ ਕੋਲੋ ਹੀ ਕਿਉਂ ਨਾ ਦੇਣੀ ਪਵੇ। ਜੇਕਰ ਅਜਿਹਾ ਮੰਨਦੇ ਹੋ ਤਾਂ ਆਪਣੇ ਵਿਚਾਰ 50 ਸਬਦਾਂ ਵਿੱਚ ਦਿੱਤੇ ਜਾਣ। | ਨਹੀਂ ਜੀ, ਇਹ ਗੈਰ ਸਵਿਧਾਨਿਕ ਹੈ। |
| 17 | | <u>ਕਾਰਗੁਜਾਰੀ ਦਾ ਮੁਲਅੰਕਣ</u> | |
| | | (1) ਸਰਕਾਰ ਦੇ ਕਰਮਚਾਰੀਆਂ ਦੇ ਕੰਮ ਦਾ ਮੁਲਅੰਕਣ ਕਰਨ ਲਈ ਜਿਹੜਾ ਤਰੀਕਾ ਹੁਣ ਸਰਕਾਰ ਨੇ ਅਪਣਾਇਆ ਹੋਇਆ ਹੈ ਕਿ ਉਸਨੂੰ ਬਦਲਣਾ ਚਾਹੀਦਾ ਹੈ, ਜੇਕਰ ਹਾਂ ਤਾਂ ਬਦਲਣ ਬਾਰੇ ਆਪਣੇ ਸੁੱਝਾਅ 50 ਸਬਦਾਂ ਵਿੱਚ ਦਿਉ। | ਹਾਂ ਜੀ, ਬਦਲਣ ਹਿੱਤ ਛੇਵੇ ਕੇਂਦਰੀ ਤਨਖਾਹ ਕਮਿਸ਼ਨ ਦੀ ਰਿਪੋਰਟ ਦੇ ਪੈਰਾ 2.5.6 (2) ਅਨੁਸਾਰ ਸਿਸਟਮ ਸਥਾਪਤ ਹੋਵੇ। |
| | | (2) ਕੀ ਹਰੇਕ ਮੁਲਾਜ਼ਮ ਨੂੰ ਆਪਣਾ ਸਲਾਨਾ ਮੁਲਾਂਕਣ ਵੇਖਣ ਦੀ ਆਗਿਆ ਹੋਣੀ ਚਾਹੀਦੀ ਹੈ? | ਹਾਂ ਜੀ |
| | | (3) ਕੀ ਸਲਾਨਾ ਗੁਪਤ ਰਿਪੋਰਟ ਨੂੰ ਆਮ ਜਨਤਾ ਦਾ ਖੁਲ੍ਹਾ | ਹਾਂ ਜੀ |

| | | | |
|---|---|---|---|
| | | ਦਸਤਾਵੇਜ਼ ਮੰਨਣਾ ਚਾਹੀਦਾ ਹੈ? | |
| | | (4) ਕੀ ਹਰੇਕ ਕਰਮਚਾਰੀ ਨੂੰ ਕਾਰਗੁਜਾਰੀ ਦਾ ਸਲਾਨਾ ਮੁਲਅੰਕਣ ਵੇਖਣ ਦੀ ਆਗਿਆ ਹੋਣੀ ਚਾਹੀਦੀ ਹੈ ਅਤੇ ਸਲਾਨਾ ਗੁਪਤ ਰਿਪੋਰਟ ਨੂੰ ਖੁੱਲਾ ਦਸਤਾਵੇਜ਼ ਮੰਨਣਾ ਚਾਹੀਦਾ ਹੈ। | ਹਾਂ-ਜੀ, ਸੁਪਰੀਮ ਕੋਰਟ ਦਾ ਵੀ ਅਜਿਹਾ ਹੀ ਫੈਸਲਾ ਹੈ। |
| | | (5) ਕੀ ਮੁਲਾਜਮਾ ਦਾ ਕੰਮ ਕਾਜ ਦਾ ਮੁਲਅੰਕਣ ਕਰਨ ਤੋਂ ਪਹਿਲ੍ਹਾਂ ਉਸ ਤੋਂ ਆਪਣੇ ਕੰਮ ਕਾਜ ਦਾ ਵੇਰਵਾ ਲੈਣਾ ਚਾਹੀਦਾ ਹੈ, ਜੇਕਰ ਹਾਂ ਤਾਂ ਇਸ ਬਾਰੇ ਆਪਣੇ ਸੁੱਝਾਅ 50 ਸਬਦਾਂ ਵਿੱਚ ਦਿਉ। | ਹਾਂ ਜੀ, ਕਰਮਚਾਰੀ ਨੂੰ ਆਪਣੇ ਕੰਮ ਦੀ Self-appraisal ਵਿਧੀ ਰਾਹੀਂ ਮੁਲੰਕਣ ਦੀ ਆਗਿਆ ਹੋਵੇ। |
| | | (6) ਕੀ ਤੁਸੀ ਮੰਨਦੇ ਹੋ ਕਿ ਸਰਕਾਰ ਦਾ ਕੰਮ ਕਾਜ ਇੱਕ ਟੀਮ ਵਾਂਗ ਕੀਤਾ ਜਾਂਦਾ ਹੈ ਕਿਸੇ ਇਕੱਲੇ ਦੁਕੱਲੇ ਵੱਲੋਂ ਨਹੀਂ, ਜੇਕਰ ਇਸ ਨੂੰ ਮੰਨਦੇ ਹੋ ਤਾਂ ਇਕੱਲੇ ਮੁਲਾਜਮਾਂ ਦਾ ਮੁਲੰਕਣ ਕਰਨਾ ਜਰੂਰੀ ਹੈ? | ਨਹੀਂ ਜੀ। ਸਮੂਹਕ ਮੁਲਾਂਕਣ ਚਾਹੀਦਾ ਹੈ। |
| 18 | | <u>ਛੁੱਟੀਆਂ</u> | |
| | | (1) ਕੀ ਵਰਤਮਾਨ ਵਾਂਗ 5 ਦਿਨਾਂ ਦਾ ਹਫਤਾ ਹੀ ਰਹਿਣਾ ਚਾਹੀਦਾ ਹੈ ? | ਹਾਂ ਜੀ |
| | | (2) ਕੀ ਹੋਰਨਾਂ ਸੈਕਟਰਾਂ ਵਾਂਗ ਸਰਕਾਰ ਨੂੰ ਵੀ 6 ਦਿਨਾਂ ਦਾ ਹਫਤਾ ਕਰਨਾ ਚਾਹੀਦਾ ਹੈ? ਜੇਕਰ 6 ਦਿਨਾਂ ਦਾ ਹਫਤਾ ਕੀਤਾ ਜਾਵੇ ਤਾਂ ਕਰਮਚਾਰੀਆਂ ਨੂੰ ਇਸ ਬਦਲੇ ਇਤਫਾਕੀਆ ਛੁੱਟੀਆਂ ਚ ਵਾਧਾ ਕਿੰਨੇ ਪ੍ਰਤੀਸ਼ਤ ਕਰਨਾ ਚਾਹੀਦਾ ਹੈ। | ਸਿਖਿਆ, ਸਿਹਤ ਆਦਿ ਵਿਭਾਗਾਂ ਵਿੱਚ 6 ਦਿਨਾਂ ਦਾ ਹਫਤਾ ਜ਼ਰੂਰੀ ਹੈ। 30 ਦਿਨਾਂ ਦੀਆਂ ਵਾਧੂ ਕਮਾਈ ਛੁੱਟੀਆਂ ਦਿੱਤੀਆਂ ਜਾਣ |
| | | (3) ਧਾਰਮਿਕ ਤਿਉਹਾਰਾਂ ਲਈ ਐਲਾਨੀਆਂ ਜਾਣ ਵਾਲੀਆਂ ਛੁੱਟੀਆਂ ਬਾਰੇ ਵੀ ਟਿੱਪਣੀ 50 ਸ਼ਬਦਾਂ ਚ ਕਰੋ। | ਪ੍ਰਚਲਤ ਵਿਧੀ ਚਾਲੂ ਰੱਖੀ ਜਾਵੇ । ਪ੍ਰੰਤੂ ਵਾਧਾ/ਘਾਟਾ ਲੋਕ ਹਿੱਤ ਵਿੱਚ ਹੋਵੇ। |
| | | (4) ਸਰਕਾਰ ਦੇ ਦਫਤਰ ਵਿੱਚ ਕੰਮਕਾਜ ਨੂੰ ਸੁਧਾਰਨ ਲਈ ਕੀ ਕੀਤਾ ਜਾਣਾ ਚਾਹੀਦਾ ਹੈ ਅਤੇ ਦਫਤਰਾਂ ਵਿੱਚ ਸਮੇਂ ਦੀ ਪਾਬੰਦੀ ਨੂੰ ਕਿਵੇਂ ਲਾਜਮੀ ਬਣਾਇਆ ਜਾ ਸਕਦਾ ਹੈ? ਇਸ ਬਾਰੇ ਸੁਝਾਅ ਦਿਉ। | ਦਫਤਰੀ ਕੰਮ ਦੀਆਂ ਬੁਨਿਆਦੀ ਲੋੜਾਂ, ਰੈਗੂਲਰ ਸਟਾਫ ਦੀਆਂ ਨਿਯੁਕਤੀਆਂ, Command ਵਿਧੀ ਦੀ ਥਾਂ ਟੀਮ ਸਪਿਰਟ ਨਾਲ ਕੰਮ ਹੋਵੇ। |
| 19 | | ਪੇਂਡੂ ਖੇਤਰਾ ਵਿਚ ਸਰਕਾਰੀ ਸੇਵਾਵਾਂ ਸ਼ਹਿਰਾਂ ਦੇ ਬਰਾਬਰ ਲਿਆਉਣ ਲਈ ਸਰਕਾਰੀ ਕਰਮਚਾਰੀਆਂ ਨੂੰ ਪੇਂਡੂ ਖੇਤਰਾਂ ਵਿਚ ਕੰਮ ਕਰਨ ਲਈ ਕਿਵੇ ਉਤਸ਼ਾਹਿਤ ਕਰੇ। | 10% ਪੇਡੂ ਭੱਤਾ, ਰਹਾਇਸ਼, ਬੱਚਿਆਂ ਲਈ ਸਿਖਿਆ ਪ੍ਰਬੰਧ, ਪਰਿਵਾਰ ਲਈ ਸਿਹਤ ਸਹੂਲਤਾਂ ਅਤੇ ਜਨਤਾ ਵੱਲੋਂ ਪਿਆਰ ਦੀ ਲੋੜ ਹੈ । |
| 20 | | ਆਮ ਜਨਤਾ ਦੀਆਂ ਸੇਵਾਵਾਂ ਨੂੰ ਬਿਹਤਰ ਬਨਾਉਣ ਬਾਰੇ | ਹਰ ਸਵਾਲ ਦਾ ਜਵਾਬ 50 ਸ਼ਬਦਾਂ ਤੋਂ ਵੱਧ ਨਾ ਹੋਵੇ |
| | | (1) ਪੰਜਾਬ ਸਰਕਾਰ ਆਪਣੀਆਂ ਪਬਲਿਕ ਸੇਵਾਵਾਂ ਸੋਖੇ, ਅਸਰਦਾਰ ਅਤੇ ਸਸਤੇ ਦਰਾਂ ਤੇ ਖਪਤਕਾਰਾਂ ਅਤੇ ਭਾਗੀਦਾਰਾਂ ਤੋਂ | ਜਨਤਾ ਲਈ ਭਾਗੀਦਾਰੀ ਸਹੂਲਤਾਂ ਪ੍ਰਦਾਨ ਕਰਨ ਲਈ |

| | | | |
|---|---|---|---|
| | | ਆਮ ਲੋਕਾਂ ਨੂੰ ਉਪਲੱਬਧ ਕਰਾਉਣ ਦੇ ਮੰਤਵ ਲਈ ਕੀ ਰੋਲ ਅਦਾ ਕਰੇ, ਸੁਝਾਅ ਦਿਓ। | ਸਟਾਫ ਦੀਆਂ ਰੈਗੂਲਰ ਨਿਯੁਕਤੀਆਂ, ਪਦਉੱਨਤੀ ਦੇ ਪੂਰੇ/ਸਮੇ ਸਿਰ ਮੌਕੇ, ਦਫਤਰੀ ਕੰਮ ਕਾਰ ਵਿੱਚ ਅਫਸਰਾਂ ਦੀ ਹਾਂ-ਪੱਖੀ ਪਹੁੰਚ ਜ਼ਰੂਰੀ ਹੈ। |
| | | (2) ਸਾਰੇ ਸੰਸਾਰ ਵਿੱਚ ਪ੍ਰਬੰਧਕੀ ਸੇਵਾਵਾਂ, ਵੱਧ ਤੋ ਵੱਧ ਆਮ ਜਨਤਾ ਦੀ ਸਹੂਲਤ ਨੂੰ ਧਿਆਨ ਵਿੱਚ ਰੱਖ ਕੇ ਕੀਤੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਕਿਹੜੇ ਕਿਹੜੇ ਕਦਮ ਚੁੱਕੇ ਤਾਂ ਜੋ ਪ੍ਰਬੰਧਕੀ ਪ੍ਰਸਾਸਨ ਆਮ ਜਨਤਾ ਦਾ ਸਹਾਈ ਹੋ ਸਕੇ ਅਤੇ ਸਰਕਾਰ ਨੂੰ ਆਪਣਾ ਮਿੱਤਰ ਸਮਝੇ। | **ਪ੍ਰਬੰਧ ਦੀ Command ਵਿਧੀ ਦੀ ਥਾਂ ਭਾਗੀਦਾਰੀ ਅਤੇ ਪਾਰਦਰਸ਼ਤਾ ਦੇ ਅਧਾਰ ਤੇ ਪ੍ਰਬੰਧ ਲੋਕ ਹਿੱਤੂ ਹੋਵੇ।** |
| | | (3) ਕੁਝ ਸਮੇਂ ਤੋਂ ਸਾਰੇ ਸੰਸਾਰ ਵਿੱਚ ਪ੍ਰਬੰਧਕੀ ਪ੍ਰਸਾਸਨ ਨੂੰ ਆਮ ਜਨਤਾ ਲਈ ਸਹਾਈ ਅਤੇ ਸੁਚੱਜਾ ਬਨਾਉਣ ਲਈ ਪ੍ਰਸਾਸਨ ਨੇ ਸਿਟੀਜਨ ਚਾਰਟ ਨੂੰ ਮੂਲ ਰੂਪ ਵਿੱਚ ਅਪਨਾਇਆ ਹੋਇਆ ਹੈ। ਪੰਜਾਬ ਸਰਕਾਰ ਦੇ ਵਿਭਾਗਾਂ ਨੇ ਵੀ ਇਹੋ ਜਿਹੇ ਸਿਟੀਜਨ ਚਾਰਟ ਬਣਾਏ ਹੋਏ ਹਨ ਅਤੇ ਲਾਗੂ ਵੀ ਕੀਤੇ ਹੋਏ ਹਨ। ਜੇਕਰ ਸਿਟੀਜਨ ਚਾਰਟਰਾਂ ਵਿੱਚ ਤਬਦੀਲੀਆਂ ਕਰਨ ਦੀ ਲੋੜ ਹੋਵੇ, ਬਾਰੇ ਦੱਸਿਆ ਜਾਵੇ ਤਾਂ ਜੋ ਪੰਜਾਬ ਸਰਕਾਰ ਆਮ ਜਨਤਾ ਦੀ ਨਿਗਾਹ ਵਿੱਚ ਸਹਾਈ ਹੋਈ ਸਮਝੀ ਜਾਵੇ। ਜੇਕਰ ਕੋਈ ਵਿਭਾਗ ਸਿਟੀਜਨ ਚਾਰਟ ਨੂੰ ਲਾਗੂ ਨਹੀਂ ਕਰਦਾ ਤਾਂ ਆਮ ਜਨਤਾ ਨੂੰ ਕਿਹੜੀਆਂ ਕਿਹੜੀਆਂ ਕਾਨੂੰਨੀ ਤਾਕਤਾਂ ਦਿੱਤੀਆਂ ਜਾਣ ਤਾਂ ਜੋ ਵਿਭਾਗ ਆਪਣੇ ਹੀ ਬਣਾਏ ਸਿਟੀਜਨ ਚਾਰਟ ਨੂੰ ਲਾਗੂ ਕਰਨ ਲਈ ਮਜਬੂਰ ਹੋ ਜਾਵੇ। ਇਸ ਬਾਰੇ ਆਪਣੇ ਸੁਝਾਅ ਦਿਓ | **ਸਿਟੀਜਨ ਚਾਰਟ ਨੂੰ ਸਫਲਤਾ ਨਾਲ ਲਾਗੂ ਕਰਨ ਲਈ ਸਮਾਜਿਕ ਆਡਿਟ ਵਿਧੀ ਰਾਹੀਂ ਲਾਗੂ ਕਰਨ ਲਈ ਪ੍ਰਗਤੀ ਚਾਰਟ ਹਰ ਅਦਾਰੇ ਦੇ ਬੋਰਡ ਤੇ ਦਰਸਾਈ ਜਾਵੇ।** |
| | | (4) ਕਿਸ ਤਰੀਕੇ ਨਾਲ ਪੰਜਾਬ ਸਰਕਾਰ ਦੀਆਂ ਸੇਵਾਵਾਂ ਦੇ ਉਪਭੋਗਤਾਂ ਨੂੰ ਸਿਟੀਜਨ ਚਾਰਟ ਨੂੰ ਲਾਗੂ ਕਰਨ ਵਾਲੀ ਸੱਭ ਤੋਂ ਹੇਠਲੀ ਪ੍ਰਬੰਧਕੀ ਇਕਾਈ ਨੂੰ ਸਿਟੀਜਨ ਚਾਰਟ ਬਨਾਉਣ ਲੱਗੇ ਸਾਮਲ ਕੀਤਾ ਜਾਵੇ ਤਾਂ ਕਿ ਸਿਟੀਜਨ ਚਾਰਟ ਪ੍ਰੈਕਟੀਕਲੀ ਹੋਵੇ ਨਾਂ ਕਿ ਕਾਗਜੀ । | ਸਿਟੀਜਨ ਚਾਰਟ ਵਿੱਚ ਉਪਭੋਗਤਾਵਾਂ ਨੂੰ ਗਹਾਕ ਦੀ ਥਾਂ ਮਾਲਕ ਮੰਨਿਆ ਜਾਵੇ। |
| | | (5) ਆਮ ਤੌਰ ਤੇ ਸਰਕਾਰੀ ਸੰਸਥਾਵਾਂ ਵਿੱਚ ਵਿੱਤੀ ਮੁਸਕਲਾਂ ਕਾਰਨ ਸੇਵਾਵਾਂ ਨੂੰ ਅਸਰਦਾਰ ਢੰਗ ਅਤੇ ਸਸਤੇ ਦਰਾਂ ਤੇ ਦੇਣ ਲਈ ਸਰਕਾਰ ਨੂੰ ਕੁਝ ਕਦਮ ਚੁੱਕਣੇ ਪੈਂਦੇ ਹਨ। ਸਰਕਾਰ ਸੇਵਾਵਾਂ ਨੂੰ ਅਮਲੀ ਜਾਮਾ ਪਹਿਨਾਣ ਅਤੇ ਘੱਟ ਖਰਚ ਕਰਕੇ ਜਿਆਦਾ ਤੋਂ ਜਿਆਦਾ ਲੋਕਾਂ ਲਈ ਅਸਰਦਾਰ ਬਣਾਉਣ ਲਈ ਕੀ ਸੁਝਾਅ ਦਿਉਗੇ। | ਸਰਕਾਰੀ ਸੇਵਾ ਨੂੰ ਅਸਰਦਾਰ ਢੰਗ ਨਾਲ ਨਿਪਰੇ ਚਾੜ੍ਹਨ ਲਈ ਜਨਤਾ ਨੂੰ ਗਾਹਕ ਦੀ ਥਾਂ ਮਾਲਕ ਮੰਨ ਕੇ Co-production with transperancy and check ਦੀ ਪਹੁੰਚ ਨਾਲ "ਜਨਤਕ ਸਹਿਯੋਗ" ਮਿਲਦਾ ਹੈ ਅਤੇ ਵਿੱਤੀ ਮੁਸ਼ਕਲਾਂ ਦੇ ਬਾਵਜੂਦ ਕੰਮ ਸਿਰੇ ਚੜ੍ਹਦਾ ਹੈ। |

| | | | |
|---|---|---|---|
| | | (6) ਉਤਪਾਦਕਤਾ ਦਾ ਸਰਕਾਰੀ ਸੰਸਥਾਂਵਾਂ ਵਿੱਚ ਇੱਕ ਮਹੱਤਵਪੂਰਨ ਰੋਲ ਹੁੰਦਾ ਹੈ। ਸਰਕਾਰੀ ਸੰਸਥਾਵਾਂ ਵਿੱਚ ਉਤਪਾਦਕਤਾ ਨੂੰ ਵਧਾਉਣ ਲਈ ਸੁਝਾਅ ਦਿਉ। | **ਪਬਲਿਕ ਸੈਕਟਰ ਅਦਾਰਿਆਂ ਵਿੱਚ ਉਤਪਾਦਕਤਾ/ਮੁਨਾਫਾ ਕਮਾਉਣਾ ਮੁੱਖ ਮੰਤਵ ਹੁੰਦਾ ਹੈ। ਜਦੋਕਿ ਸਰਕਾਰੀ ਵਿਭਾਗਾਂ-ਸਿਖਿਆ ਸਿਹਤ ਆਦਿ ਦਾ "ਸਮਾਜਿਕ ਸੇਵਾ" ਹੈ।** |
| | | (7) ਪੰਜਾਬ ਸਰਕਾਰ ਵਿੱਚ ਪਾਰਦਰਸਤਾ ਦਾ ਹੋਣਾ ਇੱਕ ਵਿਸੇਸ ਗੁਣ ਹੁੰਦਾ ਹੈ ਜਿਸ ਨਾਲ ਸਰਕਾਰ ਦੀ ਲੋਕਾਂ ਵਿੱਚ ਵਿਸਵਾਸਨੀਅਤਾ ਵੱਧਦੀ ਹੈ। ਆਪ ਉਨ੍ਹਾਂ ਸਾਰੇ ਹੀ ਢੰਗ ਜਾਂ ਕਦਮ ਜਾਂ ਤਰੀਕੇ ਜਿਹੜੇ ਕਿ ਪਾਰਦਰਸਤਾ ਵਧਾਉਣ ਵਿੱਚ ਸਹਾਈ ਹੋਣ, ਬਾਰੇ ਵਿਚਾਰ ਦਿਉ। | **ਸਰਕਾਰੀ ਪਾਰਦਰਸ਼ਤਾਂ ਵਧਾਉਣ ਲਈ ਹਰ ਪੱਧਰ ਤੇ ਸਮਾਜਿਕ ਆਡਿਟ, ਕੰਮ-ਕਾਰ "ਕਮਾਂਡ" ਮਾਡਲ ਦੀ ਥਾਂ "ਕੁਆਪਰੇਟਿਵ" ਮਾਡਲ ਨੂੰ ਮਜ਼ਬੂਤ ਕਰਨ, Stake holder-Citizen Participation and Co-production with transperancy and check ਵਿਧੀ ਲਾਗੂ ਕਰਨਾ ਜਰੂਰੀ ਹੈ।** |
| | | (8) ਅੱਜ ਕਲ੍ਹ ਸਮਾਜਿਕ ਆਰਥਿਕ ਵਾਤਾਵਰਣ ਬੜੀ ਤੇਜੀ ਨਾਲ ਬਦਲਦਾ ਰਹਿੰਦਾ ਹੈ ਅਤੇ ਆਮ ਲੋਕਾਂ ਦੀਆਂ ਇਛਾਵਾਂ ਵੀ ਸਰਕਾਰ ਤੋ ਬੜੀ ਤੀਬਰਤਾ ਨਾਲ ਬਦਲਦੀਆਂ ਰਹਿੰਦੀਆਂ ਹਨ ਜਿਸ ਕਾਰਨ ਸਰਕਾਰ ਨੂੰ ਇਹ ਜਰੂਰੀ ਹੋ ਜਾਂਦਾ ਹੈ ਕਿ ਉਹ ਕਰਮਚਾਰੀਆਂ/ ਅਧਿਕਾਰੀਆਂ ਵਿੱਚ ਲਗਾਤਾਰ ਬਦਲਦੇ ਸਮਾਜਿਕ ਆਰਥਿਕ ਵਾਤਾਵਰਣ ਨੂੰ ਧਿਆਨ ਵਿੱਚ ਰੱਖ ਕੇ ਉਨ੍ਹਾਂ ਦੀ ਲਗਾਤਾਰ ਬੜੋਂਤਰੀ ਲਈ ਅਤੇ ਉਤਪਾਦਕਤਾ ਵਧਾਉਣ ਲਈ ਕੋਸਿਸ ਕਰਦੀ ਰਹੇ। ਪੰਜਾਬ ਸਰਕਾਰ ਕਿਹੜੇ ਕਿਹੜੇ ਪ੍ਰੋਗਰਾਮ ਲਾਗੂ ਕਰੇ ਤਾਂ ਾ ਇਸ ਦੇ ਕਰਮਚਾਰੀਆਂ/ ਅਧਿਕਾਰੀ ਵੀ ਸਮਾਜਿਕ ਆਰਥਿਕ ਬਦਲਦੀਆਂ ਸਥਿਤੀਆਂ ਦਾ ਸਾਹਮਣਾ ਕਰਨ ਲਈ ਹਮੇਸਾ ਤੱਤਪਰ ਰਹਿਣ। | ਸਮਾਜਿਕ ਆਰਥਿਕ ਸਥਿਤੀਆਂ ਦੇ ਟਾਕਰੇ ਲਈ ਕੰਮ-ਕਾਰ ਨੂੰ "ਕਮਾਂਡ" ਮਾਡਲ ਦੀ ਥਾਂ "ਕੁਆਪਰੇਟਿਵ" ਮਾਡਲ ਦੇ ਅਧਾਰ ਤੇ ਤਬਦੀਲੀ ਕਰਨੀ ਬਣਦੀ ਹੈ । ਇਸ ਨੀਤੀ ਨੂੰ ਲਾਗੂ ਕਰਨ ਲਈ ਕਰਮਚਾਰੀਆਂ ਅਤੇ ਚੁਣੇ ਜਨਤਕ ਪ੍ਰਤੀਨਿੱਧਾਂ ਨੂੰ ਪ੍ਰਬੰਧ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ। |
| | | (9) ਸੂਚਨਾਂ ਅਤੇ ਤਕਨੀਕੀ ਖੇਤਰ ਵਿੱਚ ਲਗਾਤਾਰ ਸੁਧਾਰ ਆਉਣ ਕਾਰਣ, ਪਾਰਦਰਸਤਾ, ਘੱਟ ਕੀਮਤਾਂ ਤੇ ਵਸਤੂਆਂ ਦੀ ਪ੍ਰਾਪਤੀ, ਤੇਜ ਅਤੇ ਨਿਪੁੰਨ ਪ੍ਰਬੰਧ ਵਿੱਚ ਇੱਕ ਕਿਸਮ ਦਾ ਇਨਕਲਾਬ ਜਿਹਾ ਆ ਗਿਆ ਹੈ। ਪੰਜਾਬ ਸਰਕਾਰ ਵਲੋਂ ਈ ਗਰਵਰਨੈਂਸ ਨੂੰ ਲਾਗੂ ਕਰਨ ਲਈ ਕਿਹੜੇ ਢੰਗ ਅਪਨਾਏ ਜਾਣੇ ਚਾਹੀਦੇ ਹਨ। | **ਈ-ਗਵਰਨੈਸ ਲਈ ਪੰਜਾਬ ਸਟੇਟ ਈ-ਗਵਰਨੈਂਸ ਸੁਸਾਇਟੀ ਰਾਹੀਂ ਪ੍ਰਾਜੈਕਟ ਬਣਾਏ ਜਾਣ।** |
| | | (1●) ਆਮ ਲੋਕਾ ਦਾ ਵਿਚਾਰ ਹੈ ਕਿ ਸਰਕਾਰ ਆਪਣੇ ਮੁਲਾਜਮਾਂ | **"ਸੀਵੋਟਮ" ਮਾਡਲ ਲਾਗੂ** |

| | | | |
|---|---|---|---|
| | | ਤੇ ਢੰਗ / ਤਰੀਕਿਆਂ ਦੀ ਘਾਟ ਹੋਣ ਕਾਰਨ ਕਰਮਚਾਰੀਆਂ ਦਾ ਸਹੀ ਮੁਲਾਂਕਣ ਕਰਨ ਤੋਂ ਅਸਮਰਥ ਰਹੀ ਹੈ। ਸਰਕਾਰ ਕਿਹੜੇ ਕਿਹੜੇ ਤਰੀਕੇ ਅਪਣਾਏ ਜਿਸ ਨਾਲ ਕਰਮਚਾਰੀਆਂ ਵਿੱਚ ਕੰਮ ਕਾਜ ਦੀ ਜਿੰਮੇਵਾਰੀ ਵਿੱਚ ਪਾਰਦਰਸਤਾ ਲਿਆਂਦੀ ਜਾ ਸਕੇ। | ਕਰਕੇ |
| | | (11) ਆਮ ਤੌਰ ਤੇ ਸਰਕਾਰੀ ਅਦਾਰਿਆਂ ਕੋਲ ਇੰਨਾਂ ਸਰਮਾਇਆਂ ਨਹੀਂ ਹੁੰਦਾ ਕਿ ਉਹ ਆਪਣੇ ਸੋਮਿਆਂ ਤੋਂ ਸਾਰੀਆਂ ਸੇਵਾਵਾਂ ਦੇ ਸਕਣ ਪਰੰਤੂ ਪਿਛਲੇ ਕੁਝ ਸਮੇਂ ਤੋਂ ਸਰਕਾਰਾਂ ਨੇ ਇਸ ਦਾ ਹਲ ਲੱਭਿਆ ਹੈ ਅਤੇ ਸੋਮਿਆਂ ਦੀ ਘਾਟ ਨੂੰ ਪੂਰਾ ਕਰਨ ਲਈ ਨਿੱਜੀ ਕੰਪਨੀਆਂ ਦੇ ਸੋਮਿਆਂ ਨੂੰ ਆਪਣੇ ਸੋਮਿਆਂ ਨਾਲ ਮਿਲਾ ਕੇ ਆਮ ਜਨਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਮਿਆਰ ਉੱਚਾ ਕਰਨ ਦੀ ਕੋਸਿਸ ਕੀਤੀ। ਕੀ ਤੁਸੀ ਸੋਚਦੇ ਹੋ ਕਿ ਨਿੱਜੀ ਸਰਕਾਰੀ ਭਾਗੀਦਾਰੀ ਆਮ ਜਨਤਾ ਦੀਆਂ ਸੇਵਾਵਾਂ ਲਈ ਠੀਕ ਹਨ, ਬਾਰੇ ਸੁਝਾਅ ਦਿਉ। | ਨਹੀਂ ਜੀ, ਇਹ ਅਸਫਲ ਤਜਰਬਾ ਹੈ । |
| | | (12) ਆਮ ਕਰਕੇ ਕਹਿਆ ਜਾਂਦਾ ਹੈ ਕਿ ਨਿੱਜੀ ਕੰਪਨੀਆਂ ਦਾ ਮੂਲ ਮੰਤਰ ਵੱਧ .ਤੋਂ ਵੱਧ ਮੁਨਾਫਾ ਲੈਣਾ ਹੁੰਦਾ ਹੈ ਜਦ ਕਿ ਸਰਕਾਰ ਨੇ ਹਰ ਇੱਕ ਨਾਗਰਿਕ ਦਾ ਪੂਰਾ ਪੂਰਾ ਧਿਆਨ ਰੱਖਣਾ ਹੁੰਦਾ ਹੈ ਹੁਣ ਜਦੋ ਕਿ ਨਿੱਜੀ ਸਰਕਾਰੀ ਭਾਗੀਦਾਰੀ ਨਾਲ ਸੇਵਾਵਾਂ ਆਮ ਲੋਕਾਂ ਨੂੰ ਦੇਣ ਦਾ ਰਿਵਾਜ ਪੈ ਰਿਹਾ ਹੈ ਤਾਂ ਸਰਕਾਰ ਹੋਰ ਕਿਹੜੇ ਕਿਹੜੇ ਕਦਮ ਚੁੱਕੇ ਤਾਂ ਜੋ ਨਿੱਜੀ ਕੰਪਨੀ ਸਰਕਾਰੀ ਭਾਗੀਦਾਰ ਹੋਣ ਦੇ ਬਾਵਜੂਦ ਨਾਗਰਿਕਾਂ ਨੂੰ ਵੱਧ ਤੋ ਵੱਧ ਸੇਵਾਵਾਂ ਸਸਤੇ ਰੇਟਾਂ ਤੇ ਦੇ ਸਕੇ। | ਇਹ ਅਸਫਲ ਤਜਰਬਾ ਹੈ। |
| | | (13) ਆਮ ਤੌਰ ਤੇ ਪ੍ਰਾਈਵੇਟ ਸਰਵਿਸ ਪਰੋਵਾਈਡਰਜ ਸਹਿਰਾਂ ਦੇ ਮੁਕਾਬਲੇ ਪੈਂਡੂ ਖੇਤਰਾਂ ਨੂੰ ਸੇਵਾਵਾਂ ਮੁਹੱਈਆਂ ਕਰਨ ਲਈ ਘੱਟ ਤਰਜੀਹ ਦਿੰਦੇ ਹਨ। ਤੁਸੀ ਕਿਹੜੇ ਆਰਥਿਕ ਅਤੇ ਗੈਰ ਆਰਥਿਕ ਸੁਝਾਅ ਦਿਉਗੇ ਤਾਂ ਜੋ ਸਰਵਿਸ ਪ੍ਰੋਵਾਈਡਰਜ ਪੈਂਡੂ ਖੇਤਰ ਨੂੰ ਪਹਿਲ ਦੇ ਅਧਾਰ ਤੇ ਸੇਵਾਵਾਂ ਪ੍ਰਦਾਨ ਕਰਨ। | ਨਿਯੁਕਤੀਆਂ ਪਿੰਡ ਨੇੜੇ ਅਤੇ ਰੈਗੂਲਰ ਹੋਣ |
| | | (14) ਪੰਜਾਬ ਸਰਕਾਰ ਦੀ ਵਿੱਤੀ ਹਾਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਾਪਤ. ( ਰੈਵਨਿਯੂ ਰਸੀਟਸ) ਦਾ ਕਿੰਨੇ ਪ੍ਰਤੀਸਤ ਕਰਮਚਾਰੀਆਂ/ ਅਧਿਕਾਰੀਆਂ ਦੀ ਤਨਖਾਹ, ਵੈਜਿਜ ਅਤੇ ਪੈਨਸਨ ਆਦਿ ਤੇ ਖਰਚ ਹੋਵੇ, ਬਾਰੇ ਸੁਝਾਅ ਦਿਉ। | ਤੀਜੇ ਅਤੇ ਚੌਥੇ ਪੰਜਾਬ ਤਨਖਾਹ ਕਮਿਸ਼ਨ ਦੇ ਵਿਚਾਰਾਂ ਅਨੁਸਾਰ |